

ੴ

ਆਨਰੇਰੀ ਸੰਪਾਦਕ : ਡਾ. ਜਾਗੀਰ ਸਿੰਘ

ਮੁੱਲ : 10 ਰੁਪਏ ❑ ਨਵੰਬਰ 1998

# ਅੰਮ੍ਰਿਤ ਕੀਰਤਨ

ਸੰਪਾਦਕ (ਆਨਰੇਰੀ)
ਡਾ. ਜਾਗੀਰ ਸਿੰਘ
ਐਮ. ਏ. (ਸੰਗੀਤ, ਪੰਜਾਬੀ, ਧਾਰਮਿਕ ਅਧਿਐਨ) ਪੀ. ਐਚ. ਡੀ.

ਕਾਰਜਕਾਰੀ ਸੰਪਾਦਕ
ਡਾ. ਤ੍ਰਿਲੋਚਨ ਸਿੰਘ ਤਰਸੀ

ਸਹਿਯੋਗੀ
ਸ. ਹਰਭਜਨ ਸਿੰਘ ਚੋਪੜਾ
ਸ. ਜੋਤਿੰਦਰ ਸਿੰਘ ਸੋਹਲ
ਡਾ. ਕਰਨੈਲ ਸਿੰਘ ਸੋਮਲ
ਸ. ਉੱਤਮ ਸਿੰਘ
ਪ੍ਰੋ. ਸਤਵਿੰਦਰ ਸਿੰਘ

ਚਿੱਤਰਕਾਰ
ਗੁਰਦੀਪ ਸਿੰਘ ਦੀਪ

ਲੇ ਆਉਟ : ਸੋਹਲ ਸਪੈਸ਼ਲਸ

ਸਰਪ੍ਰਸਤ
ਭਾਈ ਹੀਰਾ ਸਿੰਘ ਮੈਮੋਰੀਅਲ ਟ੍ਰਸਟ (ਰਜਿ.)
1051 ਸੈਕਟਰ 27 ਬੀ,
ਚੰਡੀਗੜ੍ਹ
ਫੋਨ– 650696

| ਚੰਦੇ ਦਾ ਵੇਰਵਾ: | | ਚਿੱਠੀ ਪੱਤਰ ਲਈ ਪਤਾ : |
|---|---|---|
| ਇਕ ਕਾਪੀ | 10 ਰੁ. | ਅੰਮ੍ਰਿਤ ਕੀਰਤਨ ਟ੍ਰਸਟ ਰਜਿ. |
| ਸਲਾਨਾ | 100 ਰੁ. | 422, ਸੈਕਟਰ 15–ਏ, |
| ਜੀਵਨ ਮੈਂਬਰ (15 ਸਾਲ) | 1000 ਰੁ. | ਚੰਡੀਗੜ੍ਹ –160 015 |
| ਵਿਦੇਸ਼ ਸਲਾਨਾ | 500 ਰੁ. | ਫੋਨ : 772660 |
| ਜੀਵਨ ਮੈਂਬਰ (15 ਸਾਲ) | 5000 ਰੁ. | |

**ਇਸ਼ਤਿਹਾਰਾਂ ਦਾ ਵੇਰਵਾ**

| | |
|---|---|
| ਪਿਛਲਾ ਕਵਰ | 3000 ਰੁ. |
| ਕਵਰ ਦੇ ਅੰਦਰਲੇ ਪੰਨੇ | 2000 ਰੁ. |
| ਸਧਾਰਨ ਪੂਰਾ ਪੰਨਾ | 1500 ਰੁ. |

# ਅੰਮ੍ਰਿਤ ਕੀਰਤਨ

ਕੀਰਤਨ ਤੇ ਸੰਗੀਤ ਦੀ ਜਾਣਕਾਰੀ ਦੇਣ ਵਾਲਾ ਮਾਸਿਕ ਪੱਤਰ

ਅੰਕ 11 ਸਾਲ ਦਸਵਾਂ ਨਵੰਬਰ 1998

ਮਿੱਤਰ ਅਸਾਡੜੇ ਸੇਈ 2

ਕਰਉ ਬੇਨੰਤੀਆ 3

ਕੀਰਤਨ ਪਰਮਾਣ
ਗਿ. ਹਰਬੰਸ ਸਿੰਘ 'ਪਟਿਆਲਾ' 4

ਭਾਈ ਹੀਰਾ ਸਿੰਘ ਜੀ ਰਾਗੀ ਦੀ ਕੌਮ ਨੂੰ ਦੇਣ
ਡਾ. ਕੁਲਦੀਪ ਸਿੰਘ ਹਉਰਾ 7

ਤਬਲੇ ਦੇ ਮੁਢਲੇ ਬੋਲਾਂ ਦਾ ਅਭਿਆਸ
ਹਰਭਜਨ ਸਿੰਘ ਧਾਰੀਵਾਲ 10

50–ਵੀਂ ਵਰ੍ਹੇ ਗੰਢ ਅਤੇ ਪੰਜਾਬ ਦਾ ਸੰਗੀਤ
ਡਾ. ਡੀ. ਐਸ. ਨਰੂਲਾ 13

When There is Little Gain From Scriptiural Singing[1]
Dr. (Bhai) Harbans Lal[2] 18

ਨੋਟੇਸ਼ਨ ਵਾਲੇ ਸ਼ਬਦਾਂ ਦੇ ਅਰਥ
ਮਨਮੋਹਨ ਸਿੰਘ 23

ਸੁਰ ਲਿਪੀਆਂ : ਰਾਗ ਸੋਰਠਿ, ਧਨਾਸਰੀ, ਟੋਡੀ, ਕਲਿਆਨ
ਡਾ. ਗੁਰਨਾਮ ਸਿੰਘ 26

Matrimonial 30

ਜੰਤਰੀ 32

* ਲੇਖਾਂ ਵਿੱਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿੱਜੀ ਹਨ। ਇਹਨਾਂ ਨਾਲ ਸੰਪਾਦਕ ਜਾਂ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

* 'ਅੰਮ੍ਰਿਤ ਕੀਰਤਨ' ਲਈ ਚੈੱਕ/ਡਰਾਫਟ 'ਅੰਮ੍ਰਿਤ ਕੀਰਤਨ ਟ੍ਰਸਟ' ਦੇ ਨਾਮ ਹੀ ਭੇਜੇ ਜਾਣ ਜੀ।

ਡਾ. ਜਾਗੀਰ ਸਿੰਘ ਪ੍ਰਧਾਨ 'ਅੰਮ੍ਰਿਤ ਕੀਰਤਨ ਟ੍ਰਸਟ' ਨੇ ਸਿਰਜਣਾ ਪ੍ਰਿੰਟਿਰਜ਼ ਅਤੇ ਸਟੇਸ਼ਨਰਜ਼ ਐਸ. ਸੀ. ਐਫ. 107, ਫੇਜ਼–7, ਮੋਹਾਲੀ ਤੋਂ ਛਪਵਾ ਕੇ 422, ਸੈਕਟਰ 15–ਏ, ਚੰਡੀਗੜ੍ਹ ਤੋਂ ਪ੍ਰਕਾਸ਼ਿਤ ਕੀਤਾ।

# ਮਿਤ੍ਰ ਅਸਾਡੜੇ ਸੇਈ

I appreciate your efforts in publishing the journal on this Vital subject. I took forward to receving every issue and enjoy reading.

*USA* *Dr. (Bhai) Harbans Lal.*

'ਅੰਮ੍ਰਿਤ ਕੀਰਤਨ' ਮੈਗਜ਼ੀਨ ਹੁਣ ਇਤਨਾ ਚੰਗਾ ਲੱਗਣ ਲਗ ਪਿਆ ਹੈ ਕਿ ਲਾਈਫ ਮੈਂਬਰ ਸ਼ਿਪ ਲਈ ਮਾਇਆ ਭੇਜ ਰਿਹਾ ਹਾਂ।

*ਚਿਨਾਈ (ਮਦਰਾਸ)* *ਅਮਰਦੀਪ ਸਿੰਘ*

ਅਕਤੂਬਰ ਦੇ ਅੰਮ੍ਰਿਤ ਕੀਰਤਨ ਵਿੱਚ ਸ੍ਰ. ਤੀਰਥ ਸਿੰਘ ਜੀ ਨੇ ਦਿਲਰੁਬਾ ਵਾਦਕ ਬਾਬਾ ਹਰਨਾਮ ਸਿੰਘ ਜੀ ਬਾਰੇ ਜੋ ਜਾਣਕਾਰੀ ਦਿੱਤੀ ਉਹ ਨਿਵੇਕਲੀ ਅਤੇ ਦਿਲਟੁੰਬਵੀਂ ਹੈ।

*ਮਲੋਟ* *ਪ੍ਰੋ. ਐਮ. ਐਸ. ਸਚਦੇਵਾ*

ਅਕਤੂਬਰ ਅੰਕ ਦੇ ਸੰਪਾਦਕੀ ਵਿੱਚ ਬੋਲਚਾਲ ਸੰਬੰਧੀ ਜੋ ਗੁਰਬਾਣੀ ਦੀਆਂ ਤੁਕਾਂ ਦਿੱਤੀਆਂ ਹਨ ਉਹਨਾਂ ਤੋਂ ਸਾਨੂੰ ਬਹੁਤ ਸਿੱਖਿਆ ਮਿਲਦੀ ਹੈ। ਹਰਭਜਨ ਸਿੰਘ ਧਾਰੀਵਾਲ ਨੇ ਤਬਲੇ ਬਾਰੇ ਬੜੀ ਸਪਸ਼ਟ ਜਾਣਕਾਰੀ ਦਿੱਤੀ ਹੈ। ਇਸ ਤੋਂ ਤਬਲਾ ਸਿੱਖਣ ਵਾਲੇ ਵਿਦਿਆਰਥੀ ਭਰਪੂਰ ਲਾਭ ਉਠਾਉਣਗੇ। ਬਬਲੀ ਐਸ. ਸਿੰਘ ਅਤੇ ਡਾ. ਜਾਗੀਰ ਸਿੰਘ ਦੇ ਲੇਖ ਭਾਵਪੂਰਤ ਹਨ। ਸ੍ਰ. ਤੀਰਥ ਸਿੰਘ ਹੋਰਾਂ ਦੇ ਬਾਬਾ ਹਰਨਾਮ ਸਿੰਘ ਦੀ ਦਿਲਰੁਬਾ ਵਾਦਕ ਬਾਰੇ ਲੇਖ ਵਿਚੋਂ ਜਿਥੇ ਜਾਣਕਾਰੀ ਮਿਲਦੀ ਹੈ ਉਥੇ ਦੁੱਖ ਵੀ ਹੁੰਦਾ ਹੈ ਕਿ ਅੰਤਲੇ ਸਮੇਂ ਵਿੱਚ ਬਾਬਾ ਜੀ ਅਤਿ ਗਰੀਬੀ ਦੀ ਹਾਲਤ ਵਿੱਚ ਸਨ "ਜੀਵਤ ਪਿਤਰ ਨ ਮਾਨੈ ਕੋਊ" ਵਾਲੀ ਗੱਲ ਹੁੰਦਾ ਹੈ। ਜੀਉਂਦਿਆਂ ਹੀ ਕੋਈ ਸਾਰ ਨਹੀਂ ਲੈਂਦਾ ਬਾਦ ਵਿੱਚ ਬਰਸੀਆਂ ਮਨਾਈ ਜਾਂਦੇ ਹਾਂ। ਖੈਰ ਬਾਬਾ ਜੀ ਬੜੇ ਗੁਣੀ ਸਨ ਉਹਨਾਂ ਦਾ ਆਦਰ ਕਰਦਿਆਂ ਉਹਨਾਂ ਦੇ ਨਾਂ ਤੇ ਕੋਈ ਇਨਾਮ ਆਦਿ ਸ਼ੁਰੂ ਕਰਨਾ ਚਾਹੀਦਾ ਹੈ।

*ਸੰਗਰੂਰ* *ਅਵਤਾਰ ਸਿੰਘ ਹੰਸ*

ਅਕਤੂਬਰ ਅੰਕ ਵਿੱਚ ਪ੍ਰੋ. ਕਰਤਾਰ ਸਿੰਘ ਹੋਰਾਂ ਵਲੋਂ ਦਿੱਤੀ ਸੰਗੀਤਕ ਸ਼ਬਦਾਵਲੀ ਦੀ ਵਿਆਖਿਆ ਵਿਦਿਆਰਥੀਆਂ ਲਈ ਬੜੀ ਲਾਭਦਾਇਕ ਹੈ। ਲੇਖ 'ਗੁਰ ਸਿਖ ਦੇ ਲੱਛਣ' ਅਤੇ 'ਗੁਰਬਾਣੀ ਦੇ ਚਾਨਣ ਵਿਚ ਉਦਮ' ਕਾਬਲੇ ਤਾਰੀਫ਼ ਹਨ। 'ਤਬਲੇ ਦੇ ਬੋਲਾਂ ਦੀ ਨਿਕਾਸ ਵਿਧੀ' ਅਤੇ 'ਦਿਲਰੁਬਾ ਵਾਦਕ-ਬਾਬਾ ਹਰਨਾਮ ਸਿੰਘ ਜੀ ਦੇ ਲੇਖਾਂ ਸਦਕਾ ਇਹ ਅੰਕ ਬੜਾ ਮਹੱਤਵਪੂਰਨ ਬਣ ਗਿਆ ਹੈ। ਹੁਣ ਸਮਾਂ ਆ ਗਿਆ ਹੈ ਕਿ 'ਅੰਮ੍ਰਿਤ ਕੀਰਤਨ' ਦੇ ਕੁਝ ਪੰਨੇ ਵਧਾਏ ਜਾਣ।

ਪਿੱਛੇ ਜਿਹੇ ਪ੍ਰਸਿੱਧ ਸਾਹਿਤਕਾਰ, ਵਿਦਵਾਨ ਲਿਖਾਰੀ ਅਤੇ ਸਿਰਮੌਰ ਢਾਡੀ ਗਿ: ਸੋਹਣ ਸਿੰਘ ਸੀਤਲ ਜੀ ਦੇ ਦੇਹਾਂਤ ਦਾ ਸਾਨੂੰ ਬਹੁਤ ਦੁਖ ਹੋਇਆ। ਅਸੀਂ ਮਲੋਟ ਦੇ ਕੀਰਤਨੀਏ ਅਤੇ ਸੰਗੀਤ ਪ੍ਰੇਮੀ ਉਹਨਾਂ ਨੂੰ ਸ਼ਰਧਾਜਲੀ ਭੇਟ ਕਰਦੇ ਹਾਂ। ਇਸੇ ਤਰ੍ਹਾਂ ਪ੍ਰਸਿੱਧ ਗਿਟਾਰ ਵਾਦਕ ਸ੍ਰ. ਹਰਦੇਵ ਸਿੰਘ ਦੀ ਸੜਕ ਹਾਦਸੇ ਵਿੱਚ ਹੋਈ ਬੇਵਕਤੀ ਮੌਤ ਦਾ ਵੀ ਸਾਨੂੰ ਬਹੁਤ ਅਫਸੋਸ ਹੈ। ਅਸੀਂ ਅਰਦਾਸ ਕਰਦੇ ਹਾਂ ਇਹਨਾਂ ਨੂੰ ਵਾਹਿਗੁਰੂ ਆਪਣੇ ਚਰਨਾਂ ਵਿੱਚ ਨਿਵਾਸ ਬਖਸ਼ੇ ਅਤੇ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਬਖਸ਼ੇ।

*ਮਲੋਟ* *ਪ੍ਰੋ. ਮੰਗਤ ਸਿੰਘ ਮਸਤਾਨਾ*

'ਅੰਮ੍ਰਿਤ ਕੀਰਤਨ' ਵਧੀਆ ਮੈਗਜੀਨ ਹੈ। ਇਸ ਦੀ ਚੜ੍ਹਦੀ ਕਲਾ ਲਈ ਸ਼ੁਭਇਛਾਵਾਂ ਸਹਿਤ ਜੀਵਨ ਮੈਂਬਰਸ਼ਿਪ ਲਈ ਮਾਇਆ ਭੇਜ ਰਹੇ ਹਾਂ।

*ਸ੍ਰ. ਜਸਕਰਨ ਸਿੰਘ, ਚੰਡੀਗੜ੍ਹ*
*ਸ੍ਰ. ਨਰਿੰਦਰ ਸਿੰਘ ਮੰਕੂ, ਨਵੀਂ ਦਿੱਲੀ*
*ਸਰਦਾਰਨੀ ਕੁਲਦੀਪ ਕੌਰ, ਲੁਧਿਆਣਾ*
*ਸਰਦਾਰਨੀ ਗੁਰਚਰਨ ਕੌਰ, ਚੰਡੀਗੜ੍ਹ*
*ਜੇ. ਐਸ. ਸਲੂਜਾ, ਚੰਡੀਗੜ੍ਹ।*

---


ਦਿੱਲੀ ਦੇ ਸਿੱਖਾਂ ਅਤੇ ਪੰਜਾਬੀਆਂ
ਦੀ ਇੱਕੋ-ਇੱਕ ਆਵਾਜ਼

**ਸਿੱਖ ਲੀਗ**

(ਪੰਦਰਵਾੜਾ)

2602, ਸ਼ਾਦੀਪੁਰ ਮੇਨ ਬਾਜ਼ਾਰ, ਨਵੀਂ ਦਿੱਲੀ-8
ਫੋਨ: 5707096



## ਤਿੰਨ ਅਨਮੋਲ ਪੁਸਤਕਾਂ

1. ਗੁਰੂ ਗੋਬਿੰਦ ਸਿੰਘ ਰਾਗ-ਰਤਨਾਵਲੀ (ਪ੍ਰੋ. ਤਾਰਾ ਸਿੰਘ)
2. ਗੁਰਮਤਿ ਸੰਗੀਤ ਵਿਸ਼ੇਸ਼ ਅੰਕ
3. ਸਹਿਜ ਧੁਨ (ਪ੍ਰੋ. ਪਰਮਜੋਤ ਸਿੰਘ)

*ਕੇਵਲ ਸੌ ਰੁਪਏ ਵਿੱਚ*
*ਡਾਕ ਖਰਚ ਸਮੇਤ*
*ਅੰਮ੍ਰਿਤ ਕੀਰਤਨ ਟ੍ਰਸਟ*
*422 ਸੈਕਟਰ 15 ਏ, ਚੰਡੀਗੜ੍ਹ।*

# ਕਰਉ ਬੇਨੰਤੀਆ

## ਵਾਦ-ਵਿਵਾਦ

ਅੱਜ ਕੱਲ੍ਹ ਸੈਮੀਨਾਰ ਕਰਨ ਦਾ ਰਿਵਾਜ ਵਧ ਰਿਹਾ ਹੈ। ਇਹਨਾਂ ਸੈਮੀਨਾਰਾਂ ਵਿੱਚ ਗੱਲ ਕਿਸੇ ਕੰਢੇ ਘੱਟ ਹੀ ਲਗਦੀ ਹੈ। ਵਾਦ-ਵਿਵਾਦ ਵਿੱਚ 'ਡਾਢੇ ਦਾ ਸੱਤੀ ਵੀਹੀ ਸੌ' ਦੇ ਪ੍ਰਤੱਖ ਦਰਸ਼ਨ ਹੁੰਦੇ ਹਨ। ਗੁਰਬਾਣੀ ਵਿੱਚ ਇਸ ਵਾਦ-ਵਿਵਾਦ ਬਾਰੇ ਕੀ ਕਿਹਾ ਹੈ :

ਕਲਹਿ ਬੁਰੀ ਸੰਸਾਰਿ ਵਾਦੇ ਖਪੀਐ॥ ਵਿਣੁ ਨਾਵੈ ਵੇਕਾਰਿ ਭਰਮੇ ਪਚੀਐ॥
(ਵਾਰ ਮਾਝ ੧, (੯), ਪੰ.੧੪੨)

ਕਤ ਝਖਿ ਝਖਿ ਅਉਰਨ ਸਮਝਾਵਾ॥
ਝਗਰੁ ਕੀਏ ਝਗਰਉ ਹੀ ਪਾਵਾ॥
(ਗਉੜੀ ਕਬੀਰ ਬਾਵਨ ਅਖਰੀ, (੧੫), ਪੰ. ੩੪੧)

ਵਾਚੈ ਵਾਦੁ ਨ ਬੇਦੁ ਬੀਚਾਰੈ॥ ਆਪਿ ਡੁਬੈ ਕਿਉ ਪਿਤਰਾ ਤਾਰੈ॥
(ਰਾਮਕਲੀ ੧, ਅ-੪, ਪੰ. ੯੦੪ )

ਬਿਨੁ ਬਾਦ ਬਿਰੋਧਹਿ ਕੋਈ ਨਾਹੀ॥ ਮੈ ਦੇਖਾਲਿਹੁ ਤਿਸੁ ਸਾਲਾਹੀ॥
(ਮਾਰੂ ੧, ਸੋ-੫, ਪੰ. ੧੦੨੫ )

ਬਾਦੁ ਬਿਬਾਦੁ ਕਾਹੂ ਸਿਉ ਨਾ ਕੀਜੈ॥ ਰਸਨਾ ਰਾਮ ਰਸਾਇਨੁ ਪੀਜੈ॥
(ਭੈਰਉ ਨਾਮਦੇਵ, ੫-੪, ਪੰ. ੧੧੬੪)

ਵਾਦ ਵਿਰੋਧ ਨ ਪਾਇਆ ਜਾਇ॥
ਮਨੁ ਤਨੁ ਫੀਕਾ ਦੂਜੈ ਭਾਇ॥
ਗੁਰ ਕੈ ਸਬਦਿ ਸਚਿ ਲਿਵ ਲਾਇ॥
(ਗਉੜੀ ੩, ਅ-੩, ਪੰ. ੧੩੦)

ਸਰਬ ਭੂਤ ਏਕੈ ਕਰਿ ਜਾਨਿਆ ਚੂਕੇ ਬਾਦ ਬਿਬਾਦਾ॥
(ਆਸਾ ਕਬੀਰ, ਪ-੬, ਪੰ. ੪੮੩)

ਬਾਦੀ ਬਿਨਸਹਿ ਸੇਵਕ ਗੁਰ ਕੈ ਹੇਤਿ ਪਿਆਰੀ॥
(ਰਾਮਕਲੀ ੩, ਅ-੪, ਪੰ. ੯੧੧)

ਖੋਜੀ ਉਪਜੈ ਬਾਦੀ ਬਿਨਸੈ ਹਉ ਬਲਿ ਬਲਿ ਗੁਰ ਕਰਤਾਰਾ॥
(ਮਲਾਰ ੧, ਪ-੩, ਪੰ. ੧੨੫੫)

ਜਿਨੀ ਨਾਮੁ ਵਿਸਾਰਿਆ ਕੂੜੇ ਕਹਣ ਕਹੰਨਿ॥-------
ਦੁਸਟਾਂ ਸੇਤੀ ਪਿਰਹੜੀ ਜਨ ਸਿਉ ਵਾਦੁ ਕਰੰਨਿ।
(ਵਾਰ ਬਿਲਾਵਲ, ੩, (੧੨) ਪੰ. ੮੩੧)

ਝੂਠੀ ਮਨ ਕੀ ਮਤਿ ਹੈ ਕਰਣੀ ਬਾਦ ਬਿਬਾਦ॥
ਝੂਠੇ ਵਿਚ ਅਹੰਕਰਣ ਹੈ ਖਸਮ ਨ ਪਾਵੈ ਸਾਦੁ॥
(ਪ੍ਰਭਾਤੀ ੧, ਅ-੩, ਪੰ. ੧੩੪੩)

ਪੜਿ ਪੜਿ ਪੰਡਿਤ ਵਾਦੁ ਵਖਾਣਦੇ ਮਾਇਆ ਮੋਹ ਸੁਆਇ॥
(ਵਾਰ ਸਾਰੰਗ ੪, (੧੪) ਪੰ. ੧੨੪੬ )

ਪੜਿ ਪੜਿ ਪੰਡਿਤ ਬਾਦੁ ਵਖਾਣੈ॥
ਭੀਤਰਿ ਹੋਦੀ ਵਸਤੁ ਨ ਜਾਣੈ॥
(ਗਉੜੀ ੪, ਪ-੪, ਪੰ. ੧੫੨)

ਪੜਿ ਪੜਿ ਲੂਝਹਿ ਬਾਦ ਵਖਾਣਹਿ ਮਿਲ ਮਾਇਆ ਸੁਰਤਿ ਗਵਾਈ॥
(ਭੈਰਉ ੩, ਪ- ੪, ਪੰ. ੧੧੩੧)


# ਨਿੱਤਨੇਮ

PATH: DR. JAGIR SINGH JI

ਜਪੁਜੀ ਸਾਹਿਬ
ਜਾਪ ਸਾਹਿਬ
ਤ੍ਵ ਪ੍ਰਸਾਦਿ ਸਵੱਯੇ
ਚੌਪਈ
ਅਨੰਦੁ ਸਾਹਿਬ
ਅਰਦਾਸ

WORLD'S FIRST NITNEM CD

ਵਿਦੇਸ਼ਾਂ ਵਿੱਚ ਰਹਿੰਦੇ ਸੱਜਣ ਇਹ ਸੀ. ਡੀ. ਜ਼ਰੂਰ ਮੰਗਵਾਉਣ ਜੀ।

KFH ENTERPRISES (CANADA)
Produced by: Rashpal S. Kalsi
Suit# 172-151-10090-152 Street
Surrey, B.C. V3R 8X8 Fax: (604)584-9440
In U.K. 116-N. Hyde Rd, Hayes, Middlesex, U.K. UB3 4NQ
Tel/Fax: 0181-581-1914

NORTH AMERICAN DISTRIBUTION BY:
*MUSIC WAVES PROD./RAVIB VIDEO*
Unit 101, 8334-128 Street, Surey. B.C. V3MT 62
Ph: (604) 599-1110-(604) 599-6063

# ਕੀਰਤਨ ਪਰਮਾਣ

## ਗਿ. ਹਰਬੰਸ ਸਿੰਘ 'ਪਟਿਆਲਾ'

ਗੁਰੂ ਦਰਬਾਰ ਵਿਚ ਕੀਰਤਨ ਕਰਨ ਦੇ ਕਈ ਰੂਪ ਪ੍ਰਚਲਤ ਹਨ, ਜਿਵੇਂ ਜੋਟੀਆਂ ਵਾਲੀ ਧਾਰਨਾਂ ਦੇ ਸ਼ਬਦ ਪੜ੍ਹਨੇ, ਢੋਲਕੀ ਚਿਮਟੇ-ਛੈਣਿਆਂ ਨਾਲ ਖੁਲ੍ਹੀਆਂ ਧਾਰਨਾਂ ਤੇ ਕੀਰਤਨ ਕਰਨਾ, ਵਾਜੇ ਜੋੜੀ ਨਾਲ, ਲੈਅ, ਸੁਰ, ਤਾਲ ਵਿਚ ਕੀਰਤਨ ਕਰਨਾ, ਤੰਤੀ ਸਾਜ਼ਾਂ, ਰਬਾਬ, ਸਿਰੰਦਾ, ਤਾਊਸ, ਦਿਲਰੁਬਾ ਆਦਿ ਨਾਲ ਕੀਰਤਨ ਕਰਨਾ। ਇਨ੍ਹਾਂ ਸਮੂਹ ਰੂਪਾਂ ਵਿਚ ਕੀਰਤਨ ਸਮੇਂ ਸ਼ਬਦ-ਪਰਮਾਣਾਂ ਦੀ ਵਰਤੋਂ ਕੀਤੀ ਜਾਂਦੀ ਹੈ। ਗੁਰਬਾਣੀ ਦੇ ਕਿਸੇ ਸ਼ਬਦ, ਸਲੋਕ, ਛੰਤ ਜਾਂ ਪਉੜੀ ਨੂੰ ਸਥਾਈ ਰੂਪ ਵਿਚ ਗਾਇਨ ਕਰਨ ਮਗਰੋਂ ਉਸ ਉੱਤੇ ਮਿਲਦੇ-ਜੁਲਦੇ ਸਰੂਪਾਂ ਤੇ ਭਾਵਾਂ ਵਾਲੇ ਸ਼ਬਦਾਂ, ਸਲੋਕਾਂ, ਛੰਤਾਂ ਅਤੇ ਪੰਗਤੀਆਂ ਨੂੰ ਸਹਜੇ ਬੋਲ ਕੇ ਜਾਂ ਅਲਾਪ ਕਰਕੇ ਸੰਗਤਾਂ ਨੂੰ ਸਰਵਨ ਕਰਾਉਣਾ, ਇਹ ਬਿਧੀ 'ਕੀਰਤਨ ਪਰਮਾਣ' ਦੀ ਲਖਾਇਕ ਹੈ।

ਕਈ ਪ੍ਰੇਮੀਆਂ ਦੀ ਇਹ ਵਿਚਾਰਧਾਰਾ ਹੈ ਕਿ ਪਰਮਾਣਾਂ ਦੀ ਲੋੜ ਉੱਥੇ ਪੈਦਾ ਹੁੰਦੀ ਹੈ ਜਿਥੇ ਕੋਈ ਕੱਚੀ ਗੱਲ ਹੋਵੇ, ਜਾਂ ਕੋਈ ਸਿੱਖ ਗੁਰੂ-ਆਸ਼ਾ ਮੰਨਣ ਤੋਂ ਇਨਕਾਰੀ ਹੋਵੇ। ਜਦੋਂ ਗੁਰਬਾਣੀ ਸੋਲ੍ਹਾਂ ਆਨੇ ਸੱਚੀ ਹੈ, ਫਿਰ ਪ੍ਰਤੱਖ ਨੂੰ ਪਰਮਾਣ ਦੀ ਕੀ ਲੋੜ ਹੈ? ਇਸ ਵਿਚਾਰ ਧਾਰਾ ਦੇ ਵਿਰੋਧੀ ਵੀ ਆਪਣੀ ਭਾਵਨਾ ਨੂੰ ਇਉਂ ਪ੍ਰਗਟਾਉਂਦੇ ਹਨ ਕਿ ਸ਼ਬਦ-ਪਰਮਾਣਾਂ ਦਾ ਗੁਰਬਾਣੀ ਦੀ ਕਚਿਆਈ ਜਾਂ ਪਕਿਆਈ ਨਾਲ ਕੋਈ ਸੰਬੰਧ ਨਹੀਂ ਸਗੋਂ ਪਰਮਾਣ ਦੇਣ ਦਾ ਮੁਖ-ਮੰਤਵ ਇਹ ਹੁੰਦਾ ਹੈ ਕਿ ਸਰੋਤਿਆਂ ਨੂੰ ਸ਼ਬਦ ਦੇ ਤਾਤ-ਪਰਜ ਦਾ ਗਿਆਨ, ਮਨੁੱਖੀ ਬੋਲਾਂ ਦੀ ਬਜਾਏ ਗੁਰੂ-ਬੋਲਾਂ (ਸ਼ਬਦ-ਪਰਮਾਣਾਂ) ਰਾਹੀਂ ਦ੍ਰਿੜ ਕਰਾਇਆ ਜਾਂਦਾ ਹੈ।

ਜਿਥੋਂ ਤਕ ਕੀਰਤਨ ਵਿਚ ਗੁਰਬਾਣੀ ਦੇ ਸ਼ਬਦ-ਪਰਮਾਣ ਦੇਣ ਦਾ ਸੰਬੰਧ ਹੈ, ਇਹ ਕੋਈ ਨਵੀਂ ਰਹੁਰੀਤੀ ਨਹੀਂ ਜਾਪਦੀ ਕਿਉਂਕਿ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੀ ਬਾਣੀ ਅੰਦਰ ਇਕੋ ਭਾਵ ਦੇ, ਇਕੋ ਸ਼ਬਦ-ਸਰੂਪ ਵਾਲੇ ਕਈ ਸਲੋਕ ਛੰਤ ਅਤੇ ਸ਼ਬਦ ਵੱਖ-ਵੱਖ ਰਾਗਾਂ ਵਿਚ ਵਿਦਮਾਨ ਹਨ, ਕੀ ਇਹ ਪਰਮਾਣਾਂ ਵਾਂਗ ਉਪਦੇਸ਼ ਨੂੰ ਦ੍ਰਿੜ ਕਰਾਉਣ ਦੇ ਸੂਚਕ ਨਹੀਂ? ਭਾਈ ਸਾਹਿਬ ਗੁਰਦਾਸ ਜੀ ਦੀਆਂ ਲਗਭੱਗ ਸਾਰੀਆਂ ਰਚਨਾਵਾਂ ਵਾਰਾਂ, ਸਵਈਏ ਅਤੇ ਕਬਿਤ ਪਰਮਾਣ ਸ਼ਬਦਾਵਲੀ ਨਾਲ ਭਰਪੂਰ ਹਨ।

ਅਸਲ ਵਿਚ ਸ਼ਬਦ-ਪਰਮਾਣ ਕੀਰਤਨ ਦਾ ਸ਼ਿੰਗਾਰ ਰੂਪ ਹਨ, ਜਾਂ ਸੌਖੇ ਸ਼ਬਦਾਂ ਵਿਚ ਇਉਂ ਆਖੀਏ ਕਿ ਕੀਰਤਨ ਵਿਚ ਸ਼ਬਦ ਦੀ ਟੇਕ (ਰਹਾਉ) (ਸਥਾਈ) ਅੰਮ੍ਰਿਤ-ਭੋਜਨ ਹੈ ਅਤੇ ਸ਼ਬਦ-ਪਰਮਾਣ ਅੰਮ੍ਰਿਤ-ਭੋਜਨ ਵਿਚ ਮਿੱਠੇ, ਸਲੂਣੇ ਅਤੇ ਖੱਟੇ ਰਸਾਂ ਵਾਲੇ ਰਸਦਾਇਕ ਪਦਾਰਥਾਂ ਵਾਂਗ ਹਨ ਜਿਵੇਂ ਗੁਰਬਾਣੀ ਦੇ ਜੋ ਸੁੰਦਰ ਬੋਲ ਬੋਲੇ, ਸੁਣੇ ਤੇ ਮੰਨੇ ਜਾਂਦੇ ਹਨ, ਉਨ੍ਹਾਂ ਬਾਰੇ ਗੁਰਦੇਵ ਜੀ ਦਾ ਪਵਿੱਤਰ ਵਾਕ ਹੈ-

ਸਭਿ ਰਸ ਮਿਠੇ ਮੰਨਿਐ, ਸੁਣਿਐ ਸਾਲੋਣੇ॥
ਖਟ ਤੁਰਸੀ ਮੁਖਿ ਬੋਲਣਾ, ਮਾਰਣ ਨਾਦ ਕੀਏ॥
ਛਤੀਹ ਅੰਮ੍ਰਿਤ ਭਾਉ ਏਕੁ,
ਜਾ ਕਉ ਨਦਰਿ ਕਰੇਇ॥ (ਪੰਨਾ ੧੬)

ਕੀਰਤਨ ਵਿਚ ਦਿੱਤੇ ਹੋਏ ਸ਼ਬਦ-ਪਰਮਾਣ ਜੇ ਢੁਕਵੇਂ ਹੋਣ ਤਾਂ ਕੀਰਤਨ ਸਰੋਤਿਆਂ ਦੀ ਬ੍ਰਿਤੀ ਨੂੰ ਸਾਵਧਾਨ ਰੱਖਣ ਵਿਚ ਬਹੁਤ ਹੀ ਸਹਾਇਕ ਹੁੰਦੇ ਹਨ। ਸਾਵਧਾਨਤਾ ਹੀ ਇਕਾਗਰਤਾ ਵਿਚ ਲੈ ਜਾਂਦੀ ਹੈ ਅਤੇ ਜਗਿਆਸੂ ਨੂੰ ਅਮਿਉ ਰਸ ਦਾ ਰਸੀਆ ਬਣਾਉਂਦੀ ਹੈ। ਬੇ-ਲੋੜੇ ਜਾਂ ਅਢੁਕਵੇਂ ਪਰਮਾਣ ਕੀਰਤਨ ਵਿਚ ਫਿੱਕਾਪਨ ਪੈਦਾ ਕਰਦੇ ਹਨ। ਪਰਮਾਣ ਦੇਣ ਦਾ ਸ਼ੌਕ ਤਾਂ ਬਹੁਤ ਰਾਗੀ ਸਿੰਘਾਂ ਨੂੰ ਹੁੰਦਾ ਹੈ ਪਰ ਇਸ ਕਲਾ ਵਿਚ ਕੋਈ ਵਿਰਲਾ ਰਾਗੀ ਜੱਥਾ ਹੀ ਨਿਪੁੰਨ ਹੈ। ਇਸ ਕਲਾ ਦੀ ਪਰਦਰਸ਼ਨੀ ਲਈ ਸਭ ਤੋਂ ਪਹਿਲਾਂ ਗੁਰਬਾਣੀ ਦਾ ਅਖੁੱਟ ਸ਼ਬਦ ਭੰਡਾਰ ਕੰਠਾਗਰ ਹੋਵੇ। ਗੁਰਬਾਣੀ ਪਾਠ ਦਾ ਇਤਨਾ ਖੁਲ੍ਹਾ ਅਭਿਆਸ ਹੋਵੇ ਕਿ ਸ਼ਬਦ ਪਰਮਾਣ ਉਸਾਰੂ ਜਲ ਵਾਂਗ ਆਪ ਮੁਹਾਰੇ ਹਿਰਦੇ 'ਚੋਂ ਫੁੱਟ ਫੁੱਟ ਕੇ ਬਾਹਰ ਆਈ ਜਾਣ; ਭਾਵ ਕੀਰਤਨੀਏ ਦੀ ਸੁਰਤਿ ਸੋਚ-ਮੰਡਲ ਵਿਚ ਡੁੱਬ ਕੇ ਪਰਮਾਣਾਂ ਦੀ ਢੂੰਢ ਵਿਚ ਖੁੱਭੇ ਹੀ ਨਾ। ਜਿਸ ਰੂਪ ਵਿਚ ਇਸ ਕਲਾ ਨੂੰ ਪ੍ਰਗਟਾਉਣ ਦੀ ਲੋੜ ਹੈ, ਉਸ ਅਨੁਸਾਰ ਸਮੂਹ ਰਾਗੀ ਜੱਥਿਆਂ ਨੂੰ ਆਪਣੀਆਂ ਰੁਚੀਆਂ ਉਤੇਜਤ ਕਰਨੀਆਂ ਚਾਹੀਦੀਆਂ ਹਨ। ਸਭ ਤੋਂ ਪਹਿਲਾਂ ਗੁਰਬਾਣੀ ਦਾ ਸ਼ੁੱਧ ਉਚਾਰਨ, ਫਿਰ ਅਰਥ ਬੋਧ ਹੋਣਾ ਜ਼ਰੂਰੀ ਹੈ। ਫਿਰ ਇਹ ਗੱਲ ਨਿਸਚਿਤ ਹੋਣੀ ਚਾਹੀਦੀ ਹੈ ਕਿ ਪਰਮਾਣ ਦੇਣ ਦਾ ਇਹ ਭਾਵ ਨਹੀਂ ਹੁੰਦਾ ਕਿ ਸਥਾਈ ਵਾਲੀ ਪੰਕਤੀ ਦੇ ਅੱਖਰੀਂ ਰੂਪਾਂ ਨਾਲ ਮਿਲਾ ਕੇ ਉਨ੍ਹਾਂ ਦੇ ਹੀ ਅਖਰੀ ਸ਼ਬਦ-ਪਰਮਾਣ ਦਿੱਤੇ ਜਾਣ ਜਿਸ ਤਰ੍ਹਾਂ ਕਿ ਆਮ ਰਾਗੀ ਸਿੰਘ ਕਰਦੇ ਹਨ। ਜਿਵੇਂ ਸ਼ਬਦ ਦੀ ਟੇਕ ਹੋਵੇ-

ਰੇ ਮਨ ਰਾਮ ਸਿਉ ਕਰਿ ਪ੍ਰੀਤਿ॥ (ਪੰਨਾ ੬੩੧)
ਅਤੇ ਪਰਮਾਣ ਹੋਵੇ-
ਜਗਤ ਮੈ ਝੂਠੀ ਦੇਖੀ ਪ੍ਰੀਤਿ॥ (ਪੰਨਾ ੫੩੬)

ਇਨ੍ਹਾਂ ਦੋਹਾਂ ਪੰਗਤੀਆਂ ਵਿਚ 'ਪ੍ਰੀਤਿ' ਸ਼ਬਦ ਦਾ ਮੇਲ ਮੇਲਣਾ ਅਢੁਕਵੇਂ ਪ੍ਰਮਾਣ ਦਾ ਪ੍ਰਤੀਕ ਹੈ ਕਿਉਂਕਿ ਪਹਿਲੀ ਪੰਗਤੀ ਵਿਚ ਮਨ ਨੂੰ ਸੰਬੋਧਨ ਕਰ ਕੇ ਆਖਿਆ ਗਿਆ ਹੈ ਕਿ ਹੇ ਮਨਾ! ਤੂੰ ਰਾਮ ਨਾਮ ਨਾਲ ਪ੍ਰੀਤ ਕਰ ਪਰ ਦੂਜੀ ਪੰਗਤੀ ਅਨਯਪੁਰਖ ਵਿਚ ਨਿਜੀ ਤਜਰਬੇ ਨੂੰ ਬਿਆਨ ਕਰ ਰਹੀ ਹੈ ਕਿ ਅਸਾਂ ਜਗਤ ਵਿਚ ਜਿਹੜੀ ਪ੍ਰੀਤ ਵੇਖੀ ਹੈ ਉਹ ਝੂਠੀ ਹੈ।

ਇਕ ਵਾਰੀ ਪੰਜਾਬ ਯੂਨੀਵਰਸਿਟੀ ਵਿਚ ਲੇਖਕ ਦੇ ਸੁਹਿਰਦ ਵੀਰ ਭਾਈ ਜੀਵਨ ਸਿੰਘ ਜੀ ਦੇ ਗ੍ਰਿਹ ਵਿਖੇ ਕੀਰਤਨ ਸਮਾਗਮ ਹੋਇਆ। ਉਥੇ ਸੰਗੀਤਕ ਵਿਦਿਆਲੇ ਦੇ ਇਕ ਪ੍ਰਿੰਸੀਪਲ ਜੀ ਨੇ ਸ਼ਬਦ ਕੀਰਤਨ ਕੀਤਾ ਅਤੇ ਸ਼ਬਦ ਦੀ ਟੇਕ ਰੱਖੀ-

ਹਮਰੀ ਗਣਤ ਨ ਗਣੀਆ, ਕਾਈ,
ਅਪਣਾ ਬਿਰਦੁ ਪਛਾਣਿ॥ (ਪੰਨ ੬੧੯)

ਅਤੇ ਪ੍ਰਿੰਸੀਪਲ ਜੀ ਨੇ ਪਰਮਾਣ ਦੇਣੇ ਅਰੰਭੇ-

੧ ਅਸੀ ਖਤੇ ਬਹੁਤ ਕਮਾਵਦੇ,
ਅੰਤੁ ਨ ਪਾਰਾਵਾਰੁ॥
ਹਰਿ ਕਿਰਪਾ ਕਰਿ ਕੈ ਬਖਸਿ ਲੈਹੁ,
ਹਉ ਪਾਪੀ ਵਡ ਗੁਨਹਗਾਰੁ॥ (ਪੰਨਾ ੧੪੧੬)

੨ ਕਿਰਪਾ ਕਰਹੁ ਦੀਨ ਕੇ ਦਾਤੇ,
ਮੇਰਾ ਗੁਣੁ ਅਵਗਣੁ ਨ ਬੀਚਾਰਹੁ ਕੋਈ॥
ਮਾਟੀ ਕਾ ਕਿਆ ਧੋਪੈ ਸੁਆਮੀ,
ਮਾਣਸ ਕੀ ਗਤਿ ਏਹੀ॥ (ਪੰਨਾ ੮੮੨)

ਹੁਣ ਜੇ ਉਪਰੋਕਤ ਪਰਮਾਣਾਂ ਨੂੰ ਸਥਾਈ ਦੇ ਭਾਵ ਨਾਲ ਮਿਲਾਇਆ ਜਾਏ ਤਾਂ ਕੇਂਦਰੀ ਭਾਵ ਦੇ ਬਿਲਕੁਲ ਉਲਟ ਹਨ। ਸ਼ਬਦ ਦੀ ਟੇਕ ਵਾਲੀ ਪੰਗਤੀ ਦਾ ਸਪੱਸ਼ਟ ਅਰੱਥ ਹੈ ਕਿ ਸਤਿਗੁਰੂ ਜੀ ਨੇ ਸਾਡੇ ਪਾਪ-ਕਰਮਾਂ ਦੀ ਕੋਈ ਗਿਣਤੀ ਨਹੀਂ ਕੀਤੀ। ਆਪਣਾ ਗੁਰੂ ਵਾਲਾ ਬਿਰਦ ਪਛਾਣ ਕੇ ਰੱਖ ਲਿਆ। ਭਾਵ ਸਥਾਈ ਵਾਲੀਆਂ ਪੰਕਤੀਆਂ ਭੂਤ ਕਾਲ ਦੀਆਂ ਸੂਚਕ ਸਨ ਤੇ ਹੋਈ ਬਖਸ਼ਸ਼ ਨੂੰ ਨਿਰੂਪਣ ਕਰਦੀਆਂ ਹਨ ਪਰ ਪ੍ਰਿੰਸੀਪਲ ਜੀ ਵਲੋਂ ਦਿੱਤੇ ਸਾਰੇ ਪਰਮਾਣ ਵਰਤਮਾਨ ਕਾਲ ਵਿਚ ਬੇਨਤੀ ਰੂਪ ਦੇ ਸੂਚਕ ਸਨ। ਸੋ ਏਦਾਂ ਦੇ ਅਜੋੜ ਪਰਮਾਣ ਦੇਣ ਨਾਲੋਂ ਕੇਵਲ ਸ਼ਬਦ ਦਾ ਗਾਇਨ ਕਰਨਾ ਕਈ ਗੁਣਾ ਚੰਗਾ ਹੈ। ਕਈ ਰਾਗੀ ਪ੍ਰਮਾਣ ਦਾ ਪ੍ਰਮਾਣ ਦੇਂਦੇ ਵੀ ਵੇਖੇ ਜਾਂਦੇ ਹਨ। ਇਹ ਰੀਤੀ ਇਕ ਨਿਸ਼ਾਨੇ ਤੋਂ ਥਿੜਕਾਉਣ ਵਾਲੀ ਹੈ। ਅਸਲ ਵਿਚ ਕਈ ਵੀਰਾਂ ਨੂੰ ਬਾਣੀ ਜ਼ਰੂਰ ਕੰਠ ਹੁੰਦੀ ਹੈ ਪਰ ਉਹ ਉਨ੍ਹਾਂ ਪਾਸ ਕ੍ਰਮਵਾਰ ਸੰਚਤ ਨਹੀਂ ਹੁੰਦੀ, ਜਿਸ ਕਰ ਕੇ ਜਿਹੜੀ ਪੰਗਤੀ ਸਾਹਮਣੇ ਆ ਗਈ ਉਹ ਓਹੋ ਹੀ ਪੜ੍ਹ ਜਾਂਦੇ ਹਨ। ਇਹੋ ਹਾਲਤ ਹੀ ਪ੍ਰੇਮੀ ਕੀਰਤਨੀਆਂ ਦੀ ਹੈ ਜਿਹੜੇ ਅੰਮ੍ਰਿਤ ਕੀਰਤਨ ਦੀ ਪੋਥੀ ਵਾਜੇ ਤੇ ਰੱਖ ਕੇ ਬਿਨਾਂ ਸੋਚੇ ਸਮਝੇ ਹੀ ਕੀਰਤਨ ਕਰਦੇ ਹਨ। ਸ਼ਬਦ ਦਾ ਪਾਠ ਕਰੀ ਜਾਂਦੇ ਹਨ। ਇਸ ਲਈ ਅਜਿਹੇ ਕੀਰਤਨੀਆਂ ਅੱਗੇ ਹੱਥ ਜੋੜ ਕੇ ਬੇਨਤੀ ਕਰਨੀ ਚਾਹੀਦੀ ਹੈ ਕਿ ਉਹ ਪ੍ਰਮਾਣ ਦੇਣ ਦੀ ਖੇਚਲ ਨਾ ਕਰਿਆ ਕਰਨ।

ਇਸ ਵੇਲੇ ਵਿਰਲੇ ਹੀ ਅਜਿਹੇ ਰਾਗੀ ਸਿੰਘ ਹੋਣਗੇ ਜਿਨ੍ਹਾਂ ਨੂੰ ਗੁਰਬਾਣੀ ਬਹੁਤ ਕੰਠਾਗਰ ਹੋਵੇ ਅਤੇ ਢੁਕਵੇਂ ਤੇ ਭਾਵਕ ਪਰਮਾਣ ਦੇਂਦੇ ਹੋਣ। ਪਰਮਾਣ ਦੇਣ ਵਾਲੇ ਰਾਗੀ ਸਿੰਘਾਂ ਨੂੰ ਇਸ ਸੰਬੰਧੀ ਹੇਠ ਲਿਖੀਆਂ ਵਿਸ਼ੇਸ਼ ਗੱਲਾਂ ਵੱਲ ਖ਼ਾਸ ਧਿਆਨ ਦੇਣਾ ਚਾਹੀਦਾ ਹੈ-

੧. ਗੁਰਬਾਣੀ ਕੰਠਾਗਰ ਹੋਵੇ,
੨. ਸ਼ਬਦ ਉਚਾਰਨ ਸ਼ੁੱਧ ਹੋਣ,
੩. ਸ਼ਬਦ-ਅਰਥ ਅਤੇ ਕੇਂਦਰੀ ਭਾਵ ਦੀ ਸੋਝੀ ਹੋਵੇ,
੪. ਸਥਾਈ (ਟੇਕ) ਰਹਾਉ ਵਾਲੀ ਪੰਕਤੀ ਹੋਵੇ।
੫. ਸ਼ਬਦਾਂ ਦਾ ਚੰਗੀ ਤਰ੍ਹਾਂ ਦਰਸ਼ਨ ਕਰ ਕੇ ਧਿਆਨ ਰੱਖਿਆ ਜਾਵੇ ਕਿ ਉਹ ਸ਼ਬਦ ਜਿਸ ਦਾ ਉਹ ਕੀਰਤਨ ਕਰਨ ਲੱਗੇ ਹਨ ਉਤਮ ਪੁਰਖ, ਮੱਧਮ ਪੁਰਖ ਜਾਂ ਅਨਯ ਪੁਰਖ ਵਿਚ ਹੈ।
੬. ਫਿਰ ਕਾਲ ਨੂੰ ਵੇਖਿਆ ਜਾਵੇ ਕਿ ਗਾਇਆ ਜਾ ਰਿਹਾ ਸ਼ਬਦ ਤਿੰਨਾਂ ਕਾਲਾਂ (ਭੂਤ, ਭਵਿੱਖ, ਵਰਤਮਾਨ) ਵਿਚੋਂ ਕਿਸ ਨਾਲ ਸੰਬੰਧਤ ਹੈ।
੭. ਕਈ ਸੱਜਣ ਸਥਾਈ ਵਾਲੀ ਤੁਕ ਭਾਈ ਗੁਰਦਾਸ ਜੀ ਦੀ ਬਾਣੀ 'ਚੋਂ ਅਤੇ ਉਸ ਉੱਤੇ ਪਰਮਾਣ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ 'ਚੋਂ ਦਿੰਦੇ ਹਨ ਜੋ ਕਿ ਠੀਕ ਨਹੀਂ।

ਜਦੋਂ ਤੱਕ ਉਪਰੰਕਤ ੭ ਨੁਕਤਿਆਂ ਦੀ ਪਛਾਣ ਨਾ ਹੋਵੇ, ਅਮਲੀ ਜੀਵਨ ਵਿਚ ਨਾ ਅਪਨਾਏ ਜਾਣ ਓਦੋਂ ਤਕ ਕੀਰਤਨ-ਪ੍ਰਮਾਣ ਦੇਣ ਦੀ ਯੋਗਤਾ ਅਧੂਰੀ ਹੀ ਰਹਿੰਦੀ ਹੈ। ਇਸ ਲਈ ਗੁਰਬਾਣੀ ਦੀਆਂ ਲਗਾਂ-ਮਾਤਰਾਂ ਦੀ ਵਿਲੱਖਣਤਾ ਦਾ ਗਿਆਨ ਹੋਣਾ ਹਰੇਕ ਰਾਗੀ ਸਿੰਘ ਲਈ ਜ਼ਰੂਰੀ ਹੈ। ਜੇ ਵਰਤਮਾਨ ਗੱਲ ਨੂੰ ਬੀਤੀ ਹੋਈ, ਜਾਂ ਅੱਗੋਂ ਹੋਣ ਵਾਲੀ ਗੱਲ ਨੂੰ ਵਰਤਮਾਨ ਗੱਲ ਨਾਲ ਜੋੜਿਆ ਜਾਵੇ ਤਾਂ ਇਸ ਤੋਂ ਰਾਗੀ ਸਿੰਘ ਦੀ ਯੋਗਤਾ ਦਾ ਪੋਲ ਖੁਲ੍ਹ ਜਾਂਦਾ ਹੈ ਕਿਉਂਕਿ ਇਹ ਅਰਥ ਬੋਧ ਦੀ ਘਾਟ ਨੂੰ ਪ੍ਰਗਟ ਕਰਦੀ ਹੈ ਜਿਸ ਨੂੰ ਆਮ ਰਾਗੀ ਸੁਭਾਵਕ ਹੀ ਅੱਖੋਂ ਓਹਲੇ ਕਰ ਦਿੰਦੇ ਹਨ। ਕੀਰਤਨ ਦੀ ਸਥਾਈ ਜੋ ਸੰਬੋਧਤ ਰੂਪ ਵਾਲੇ ਹੀ ਹੋਣੇ ਚਾਹੀਦੇ ਹਨ। ਜਿਵੇਂ ਕਿ ਸਥਾਈ ਹੋਵੇ-

ਮਨ ਮੇਰੇ, ਕਰਤੇ ਨੋ ਸਾਲਾਹਿ॥
ਸਭੇ ਛਡਿ ਸਿਆਣਪਾ,
ਗੁਰ ਕੀ ਪੈਰੀ ਪਾਹਿ॥

ਤਾਂ ਇਸ ਦੇ ਪਰਮਾਣ ਹੇਠ ਲਿਖੇ ਰੂਪ ਵਿਚ ਹੋਣੇ ਚਾਹੀਦੇ ਹਨ-

ਸੋਈ ਧਿਆਈਐ ਜੀਅੜੇ, ਸਿਰਿ ਸਾਹਾਂ ਪਾਤਿਸਾਹੁ॥
ਤਿਸ ਹੀ ਕੀ ਕਰਿ ਆਸ ਮਨ, ਜਿਸ ਕਾ ਸਭਸੁ ਵੇਸਾਹੁ॥
ਸਭਿ ਸਿਆਣਪਾ ਛਡਿ ਕੈ, ਗੁਰੂ ਕੀ ਚਰਣੀ ਪਾਹੁ॥
(ਪੰਨਾ ੪੮)

ਇਸੇ ਤਰ੍ਹਾਂ ਜੇ ਸ਼ਬਦ ਦੀ ਸਥਾਈ ਹੋਵੇ-
ਤੂੰ ਮੇਰਾ ਪਿਤਾ ਤੂੰ ਹੈ ਮੇਰਾ ਮਾਤਾ॥ (ਪੰਨਾ ੧੦੩)
ਅਤੇ ਪਰਮਾਣ ਦਿੱਤਾ ਜਾਵੇ-
ਪਿਤਾ ਹਮਾਰੋ ਵਡ ਗੋਸਾਈ॥ ਤਿਸੁ ਪਿਤਾ ਪਹਿ,
ਹਉ ਕਿਉ ਕਰਿ ਜਾਈ॥ (ਪੰਨਾ ੪੭੬)

ਤਾਂ ਇਹ ਇਕ ਅਢੁਕਵਾਂ ਪਰਮਾਣ ਸਮਝਿਆ ਜਾਵੇਗਾ। ਕਈ ਵਾਰੀ ਸਮਾਂ ਥੋੜ੍ਹਾ ਹੋਣ ਕਾਰਨ ਪ੍ਰਮਾਣਾਂ ਪਿੱਛੇ ਸ਼ਬਦ ਦੀ ਸਮਾਪਤੀ ਵਿਚੇ ਰਹਿ ਜਾਂਦੀ ਹੈ। ਜੇ ਰਾਗੀ ਸਿੰਘ ਪਹਿਲਾਂ ਹੀ ਸ਼ਬਦ ਦੀ ਸਮਾਪਤੀ ਕਰਕੇ ਪਰਮਾਣ ਦੇਣੇ ਅਰੰਭ ਕਰਨ ਤਾਂ ਬੜੇ ਟਿਕਵੇਂ ਵਾਤਾਵਰਨ ਵਿਚ ਬਾਣੀ ਦੇ ਅਣਿਆਲੇ ਤੀਰ ਸ਼ਬਦ ਪਰਮਾਣਾਂ ਦੇ ਰੂਪ ਵਿਚ ਕੀਰਤਨ ਸਰੋਤਿਆਂ ਨੂੰ ਵਿੰਨ੍ਹ ਕੇ ਸ਼ਾਂਤੀ ਬੂੰਦ ਵਾਲਾ ਰਸ ਦੇ ਸਕਦੇ ਹਨ।

ਜੇ ਕੀਰਤਨ ਵਿਚ ਪ੍ਰਮਾਣਾਂ ਦੀ ਪ੍ਰਾਪਤੀ ਦਾ ਪਿਛੋਕੜ ਵੇਖੀਏ ਤਾਂ ਇਉਂ ਪਤਾ ਲੱਗਦਾ ਹੈ ਕਿ ਪੁਰਾਤਨ ਰਬਾਬੀਆਂ ਤੇ ਢਾਡੀਆਂ ਨੇ ਕੀਰਤਨ ਵਿਚ ਵਿਆਖਿਆ ਅਤੇ ਸਾਖੀਆਂ ਸੁਣਾਉਣ ਦੀ ਰੀਤੀ ਚਲਾ ਦਿੱਤੀ ਸੀ। ਇਹ ਰਹੁ-ਰੀਤੀ ਨਾਲ ਗੁਰਬਾਣੀ ਦੇ ਅਖੰਡ ਕੀਰਤਨ ਵਿਚ ਬੇਰਸੀ ਪੈਦਾ ਹੋ ਗਈ ਸੀ। ਨਾਲ ਹੀ ਮਨ ਘੜਤ ਕਹਾਣੀਆਂ ਤੇ ਸਾਖੀਆਂ ਨੇ ਕੀਰਤਨ ਦਰਬਾਰ ਵਿਚ ਕੁਝ ਹਾਸ-ਰਸ ਦਾ ਰੂਪ ਵੀ ਧਾਰਨ ਕਰ ਲਿਆ

ਸੀ। ਇਥੋਂ ਤੱਕ ਕਿ ਵਿਆਖਿਆ-ਕਾਰਾਂ ਨੇ ਕੱਚੇ ਕਵੀਆਂ ਦੀਆਂ ਕਵਿਤਾਵਾਂ ਰੁਬਾਈਆਂ ਅਤੇ ਦੋਹਰੇ ਆਦਿ ਕੀਰਤਨ ਵਿਚ ਸੁਣਾਉਣੇ ਅਰੰਭ ਦਿੱਤੇ ਸਨ, ਜਿਸ ਤੋਂ ਗੁਰਮਤਿ ਬਿਬੇਕੀਆਂ ਨੇ ਗੁਰਬਾਣੀ ਦਾ ਨਿਰਾਦਰ ਹੋਣਾ ਮਹਿਸੂਸ ਕੀਤਾ। ਨਾਲ ਹੀ ਇਹ ਤੌਖਲਾ ਵਧ ਗਿਆ ਸੀ ਕਿ ਸਤਿਗੁਰਾਂ ਦੀ ਸੱਚੀ ਬਾਣੀ ਵਿਚ ਕਿਤੇ ਕੱਚੀ ਬਾਣੀ ਦੀ ਮਿਲਾਵਟ ਹੀ ਨਾ ਹੋ ਜਾਵੇ। ਉਸ ਸਮੇਂ ਸਾਧਾਰਨ ਬੁੱਧੀ ਵਾਲੇ ਸੱਚੀ ਤੇ ਕੱਚੀ ਬਾਣੀ ਦੀ ਪਰਖ ਨਹੀਂ ਸਨ ਕਰ ਸਕਦੇ। ਇਸ ਲਈ ਬੁਧੀ-ਜੀਵੀਆਂ ਨੇ ਅਭੁੱਲ ਗੁਰੂ ਕਰਤਾਰ ਦੀ ਅੰਮ੍ਰਿਤ ਬਾਣੀ ਨਾਲ ਸਦੀਵੀ ਸਾਂਝ ਬਣਾਈ ਰੱਖਣ ਲਈ ਕੀਰਤਨ ਵਿਚ ਸ਼ਬਦ ਪਰਮਾਣਾਂ ਦੀ ਪ੍ਰਥਾ ਨੂੰ ਪ੍ਰਕਾਸ਼ਮਾਨ ਕੀਤਾ।

ਕੀਰਤਨ ਤੇ ਕਥਾ ਇਹ ਦੋਵੇਂ ਅੰਮ੍ਰਿਤ ਪਦਾਰਥ ਗੁਰੂ ਦਰਬਾਰ ਵਿਚ ਪਰਵਾਨ ਹਨ, ਪਰ ਕ੍ਰਮਵਾਰ। ਪ੍ਰਮੁੱਖਤਾ 'ਕੀਰਤਨ' ਨੂੰ ਹੈ। ਅੱਜ ਕੱਲ੍ਹ ਕੀਰਤਨ ਦੇ ਵਿਚ ਕਥਾ ਦਾ ਰਿਵਾਜ ਚੱਲ ਪਿਆ ਹੈ ਜੋ ਠੀਕ ਨਹੀਂ। ਕੀਰਤਨ ਜਦੋਂ ਹਿਰਦੇ ਵਿਚ ਰਸਦਾ-ਵਸਦਾ ਹੈ ਤਾਂ ਉਹੀ ਕਥਾ ਰੂਪ ਬਣ ਜਾਂਦਾ ਹੈ। ਕਥਾ ਤੇ ਕੀਰਤਨ ਦੋਵੇਂ ਸੁਖਦਾਈ ਹਨ ਪਰ ਗੁਰਮਤਿ ਮਰਯਾਦਾ ਅਨੁਸਾਰ ਹੀ। ਗੁਰੂ-ਦਰਬਾਰ ਵਿਚ ਅੰਮ੍ਰਿਤ ਵੇਲੇ ਕੀਰਤਨ ਦੀ ਧੁਨੀ ਉੱਠਦੀ ਹੈ, ਫਿਰ ਆਸਾ ਕੀ ਵਾਰ ਦੇ ਭੋਗ ਮਗਰੋਂ ਗੁਰ-ਸ਼ਬਦ ਦੀ ਕਥਾ ਹੁੰਦੀ ਹੈ, ਕੀਰਤਨ, ਰਸ ਵਿਚ ਵਾਧਾ ਕਰਦਾ ਹੈ ਅਤੇ ਕਥਾ ਸੋਝੀ ਨੂੰ ਵਧਾਉਂਦੀ ਹੈ। ਨਿੱਤ ਦੇ ਅਭਿਆਸ ਨਾਲ ਜਦੋਂ ਕੀਰਤਨ ਦੇ ਕਥਾ ਹਿਰਦੇ ਅੰਦਰ ਟਿਕਦੇ ਹਨ ਤਾਂ ਦੋਵੇਂ ਇਕ ਰੂਪ ਹੋ ਜਾਂਦੇ ਹਨ, ਕੋਈ ਭਿੰਨਤਾ ਨਹੀਂ ਰਹਿੰਦੀ।

ਜਿਥੋਂ ਤੱਕ ਲੇਖਕ ਦਾ ਨਿੱਜੀ ਤਜਰਬਾ ਹੈ ਉਹ ਕੁਝ ਵਿਲੱਖਣ ਹੈ। ਕੀਰਤਨ ਵਿਚ ਜੁੜਿਆ ਹੋਇਆ ਸਰੋਤਾ ਅੰਮ੍ਰਿਤ ਰਸ ਵਿਚ ਗੜੂੰਦ ਹੋ ਜਾਂਦਾ ਹੈ ਅਤੇ ਉਸ ਦੀ ਬੋਲਣ ਵਾਲੀ ਰੁਚੀ ਇਸ ਤਰ੍ਹਾਂ ਸੁੰਨ ਹੋ ਜਾਂਦੀ ਹੈ ਜਿਵੇਂ ਕਿ ਡਾਕਟਰ ਮਰੀਜ਼ ਨੂੰ ਮਾਰਫੀਏ ਦਾ ਟੀਕਾ ਲਾ ਕੇ ਸੁੰਨ ਕਰ ਦੇਂਦਾ ਹੈ।
ਗੁਰਬਾਣੀ ਵਿਚੋਂ ਵੀ ਇਸ ਬਾਰੇ ਸੋਝੀ ਮਿਲਦੀ ਹੈ-

> ਮਿਲਿ ਸਖੀਆ, ਪੁਛਹਿ, ਕਹੁ ਕੰਤ ਨੀਸਾਣੀ॥
> ਰਸਿ ਪ੍ਰੇਮ ਭਰੀ, ਕਛੁ ਬੋਲਿ ਨ ਜਾਣੀ॥
> ਗੁਣ ਗੂੜ ਗੁਪਤ ਅਪਾਰ ਕਰਤੇ, ਨਿਗਮ ਅੰਤ ਨ ਪਾਵਹੇ॥
> ਭਗਤਿ ਭਾਇ ਧਿਆਇ ਸੁਆਮੀ, ਸਦਾ ਹਰਿ ਗੁਣ ਗਾਵਹੇ॥
> ਸਗਲ ਗੁਣ ਸੁਗਿਆਨੁ ਪੂਰਨ, ਆਪਣੇ ਪ੍ਰਭ ਭਾਣੀ॥
> ਬਿਨਵੰਤਿ ਨਾਨਕ ਰੰਗਿ ਰਾਤੀ, ਪ੍ਰੇਮ ਸਹਿਜ ਸਮਾਣੀ॥

ਕੁਝ ਵਰ੍ਹਿਆਂ ਦੀ ਗੱਲ ਹੈ ਕਿ ਚੰਡੀਗੜ੍ਹ ਦੇ ਗੁਰਦੁਆਰਾ ਸੈਕਟਰ ੨੨ ਵਿਚ ਵਿਦਵਾਨ ਗੁਰੂ ਪਿਆਰੇ ਗੁਰਮਤਿ ਪਰਚਾਰ ਲਈ ਆਏ ਸਨ। ਆਪ ਜੀ ਜਿਥੇ ਗੁਰਬਾਣੀ ਦੇ ਆਧਾਰ ਤੇ ਗੁਰਮਤਿ ਸਿਧਾਂਤਾਂ ਦੀ ਵਿਆਖਿਆ ਕਰਦੇ ਰਹੇ ਉਥੇ ਸਵੇਰ ਨੂੰ ਕਦੇ-ਕਦੇ ਕੀਰਤਨ ਵੀ ਕਰਦੇ ਰਹੇ। ਇਕ ਦਿਨ ਲੇਖਕ ਨੂੰ ਵੀ ਅੰਮ੍ਰਿਤ ਵੇਲੇ ਦਾ ਕੀਰਤਨ ਸੁਣਨ ਦਾ ਅਵਸਰ ਪ੍ਰਾਪਤ ਹੋਇਆ। ਆਪ ਜੀ ਨੇ ਸ਼ਬਦ ਦੀ ਟੇਕ ਰੱਖੀ ਸੀ-

> ਵਾਹੁ ਖਸਮ ਤੂ ਵਾਹੁ,
> ਜਿਨਿ ਰਚਿ ਰਚਨਾ ਹਮ ਕੀਏ॥ (ਪੰਨਾ ੧੮੮)

ਜਿਤਨਾ ਚਿਰ ਝੀਮੀ ਬਾਣ ਨਾਲ ਆਪ ਕੀਰਤਨ ਕਰਦੇ ਰਹੇ ਸੁਰਤਿ ਇਕਾਗਰ ਰਹੀ ਅਤੇ ਅਨੂਠਾ ਰਸ ਬਣਿਆ ਰਿਹਾ। ਪਰ ਜਦੋਂ ਆਪ ਜੀ ਨੇ ਕੀਰਤਨ ਵਿਚ ਹੀ ਉਪਰੋਕਤ ਸ਼ਬਦ ਦੀ ਵਿਆਖਿਆ ਕਰਨੀ ਸ਼ੁਰੂ ਕਰ ਦਿੱਤੀ ਤਾਂ ਬ੍ਰਿਤੀ ਟੁੱਟ ਗਈ। ਇਸ ਤੋਂ ਇਕ ਨਿਚੋੜ ਇਹ ਕੱਢਿਆ ਕਿ ਇਹ ਕੀਰਤਨ ਕੇਵਲ ਕੰਠ ਕੀਤੇ ਹੋਏ ਸ਼ਬਦ ਨੂੰ ਸਧਾਰਨ ਤੌਰ ਤੇ ਸੁਣਾਉਣਾ ਸੀ। ਦੂਜਾ ਇਹ ਜੇ ਕੀਰਤਨੀਏ ਦੀ ਬ੍ਰਿਤੀ ਸੁਰਤੀ ਸੱਚ ਮੁੱਚ ਸਾਈਂ ਨਾਲ ਪਿਉਂਦ ਹੋਈ ਹੁੰਦੀ ਤਾਂ ਸਾਂਈਂ ਨਾਲੋਂ ਟੁੱਟ ਕੇ ਸਰੋਤਿਆਂ ਨਾਲ ਨਾ ਜੁੜਦੀ।

ਇਸ ਲਈ ਇਸ ਬਾਰੇ ਇਹੋ ਹੀ ਨਿਰਣਾ ਕੀਤਾ ਜਾ ਸਕਦਾ ਹੈ ਕਿ ਇਕ ਸਮੇਂ ਤੇ ਇਕੋ ਹੀ ਕੰਮ ਹੋਵੇ 'ਕਥਾ ਜਾਂ ਕੀਰਤਨ'। ਕੀਰਤਨ ਵਿਚ ਵਿਖਾਖਿਆ ਵਾਲੀ ਪਰਪਾਟੀ ਚਲਾਉਣ ਦੀ ਤਾਂ ਲੋੜ ਪਈ ਸੀ ਜਦੋਂ ਕਿ ਗੁਰ ਇਤਿਹਾਸ ਦੇ ਹੱਥ ਲਿਖਤੀ ਨੁਸਖੇ ਗਿਣਤੀ ਵਿਚ ਸਨ; ਜਿਨ੍ਹਾਂ ਨੂੰ ਕੇਵਲ ਵਿਦਵਾਨ, ਰਾਗੀ, ਗਰੰਥੀ ਅਤੇ ਕਥਾਕਾਰ ਹੀ ਪੜ੍ਹ ਕੇ ਸੰਗਤਾਂ ਤਾਈਂ ਸੁਣਾ ਸਕਦੇ ਸਨ ਪਰ ਅੱਜ ਦੇ ਵਿਦਿਅਕ ਯੁੱਗ ਵਿਚ ਗੁਰ ਇਤਿਹਾਸ ਅਤੇ ਹੋਰ ਲੋੜੀਂਦੀਆਂ ਜਨਮ-ਸਾਖੀਆਂ ਛਾਪਾ ਰੂਪ ਵਿਚ ਮੌਜੂਦ ਹਨ ਜਿਸ ਤੋਂ ਬਹੁ ਗਿਣਤੀ ਲਾਭ ਪ੍ਰਾਪਤ ਕਰ ਸਕਦੀ ਹੈ। ਸੱਚ ਪੁੱਛੋ ਤਾਂ ਅਖੰਡ ਕੀਰਤਨ ਵਰਗੀ ਹੋਰ ਕੋਈ ਵਸਤੂ ਨਹੀਂ ਜਿਹੜੀ ਕਿ ਮਨੁੱਖੀ ਮਨਾਂ ਨੂੰ ਪੂਰਨ ਸ਼ਾਂਤੀ ਅਤੇ ਸੰਤੋਖ ਪਰਦਾਨ ਕਰ ਸਕੇ। ਇਸ ਲਈ ਗੁਰਮਤਿ ਸਨੇਹੀਆਂ ਦਾ ਇਸੇ ਵਿਚ ਭਲਾ ਹੈ ਕਿ ਕੀਰਤਨ ਤੇ ਕਥਾ ਦੀ ਮਹੱਤਤਾ ਨੂੰ ਸਮਝ ਕੇ ਦੋਹਾਂ ਨਾਲ ਇਕੋ ਜਿਹਾ ਪਿਆਰ ਕਰਨ ਅਤੇ ਗੁਰਦੇਵ ਜੀ ਦੇ ਪਾਏ ਪੂਰਨਿਆਂ ਤੇ ਚੱਲ ਕੇ ਆਪਣਾ ਜੀਵਨ ਸਫਲ ਕਰਨ।


## ਗੁਰੂ ਗੋਬਿੰਦ ਸਿੰਘ ਰਾਗ-ਰਤਨਾਵਲੀ

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਬਾਣੀ ਵਿੱਚੋਂ 50 ਸ਼ਬਦਾਂ ਦੀਆਂ ਪ੍ਰੋ: ਤਾਰਾ ਸਿੰਘ ਜੀ ਦੀਆਂ ਵੱਖ-ਵੱਖ ਰਾਗਾਂ ਵਿਚ ਰਚੀਆਂ ਨਿਵਕੇਲੀਆਂ ਸੁਰ ਲਿਪੀਆਂ। ਇਹ ਪੁਸਤਕ ਕੀਰਤਨੀਆਂ ਅਤੇ ਸੰਗੀਤ ਵਿਦਿਆਰਥੀਆਂ ਲਈ ਬੜੀ ਲਾਹੇਵੰਦ ਸਾਬਤ ਹੋਵੇਗੀ।

**ਸੰਪਾਦਕ:** ਸ੍ਰੀਮਤੀ ਸੁਰਜੀਤ ਕੌਰ ਸੁਪਤਨੀ ਪ੍ਰੋ: ਤਾਰਾ ਸਿੰਘ। ਡਾ. ਗੁਰਨਾਮ ਸਿੰਘ ਪੰਜਾਬੀ ਯੂਨੀ: ਪਟਿਆਲਾ
ਪ੍ਰਕਾਸ਼ਕ : ਅੰਮ੍ਰਿਤ ਕੀਤਰਨ ਟ੍ਰਸਟ, 422, ਸੈਕਟਰ 15-ਏ, ਚੰਡੀਗੜ੍ਹ- 160 015

# ਭਾਈ ਹੀਰਾ ਸਿੰਘ ਜੀ ਰਾਗੀ ਦੀ ਕੌਮ ਨੂੰ ਦੇਣ


## ਡਾ. ਕੁਲਦੀਪ ਸਿੰਘ ਹਉਰਾ


ਭਾਈ ਹੀਰਾ ਸਿੰਘ ਰਾਗੀ ਵਰਗੇ ਮਹਾਂਪੁਰਸ਼ ਰੋਜ਼-ਰੋਜ਼ ਸੰਸਾਰ ਵਿਚ ਨਹੀਂ ਆਇਆ ਕਰਦੇ। ਭਾਈ ਹੀਰਾ ਸਿੰਘ ਜੀ ਕੀਰਤਨ ਵਿਚੋਂ ਉਪਜੇ, ਕੀਰਤਨ ਰਾਹੀਂ ਆਪ ਦੀ ਸ਼ਖਸੀਅਤ ਦਾ ਵਿਕਾਸ ਹੋਇਆ ਤੇ ਅੰਤ ਕੀਰਤਨ ਨਾਲ ਹੀ ਜੁੜ ਗਏ, ਸਦਾ ਲਈ।

ਬਾਲਕ ਹੀਰਾ ਸਿੰਘ ਸੰਤ ਭਾਈ ਰਾਮ ਕਿਸ਼ਨ ਜੀ ਦੀ ਅਸੀਸਾਂ ਭਰੀ ਅਰਦਾਸ ਸਦਕਾ ਆਪਣੀ ਸੀਤਲ ਸੁਭਾਅ ਮਾਤਾ, ਸ੍ਰੀਮਤੀ ਸਤਭਿਰਾਈ ਜੀ ਦੀ ਕੁਖੋਂ ੧੯੭੯ ਵਿੱਚ, ਭਾਈ ਭਾਗ ਸਿੰਘ ਜੀ ਦੇ ਘਰ ਜਨਮਿਆ। ਇਸ ਬਾਲਕ ਨੇ ਆਪਣੇ ਗੁਰਮੁਖ ਦਾਦਾ ਭਾਈ ਜੀਵਨ ਸਿੰਘ ਦੀ ਗੋਦੀ ਵਿੱਚ ਬੈਠ ਕੇ ਗੁਰਬਾਣੀ ਦੀਆਂ ਲੋਰੀਆਂ ਲਈਆਂ ਤੇ ਭਾਈ ਸਾਹਣਾ ਸਿੰਘ ਜੀ ਤੋਂ ਗੁਰਬਾਣੀ ਤੇ ਗੁਰ-ਇਤਿਹਾਸ ਦੀ ਸਿੱਖਿਆ ਪ੍ਰਾਪਤ ਕੀਤੀ। ਸੰਗੀਤ ਦੀ ਸਿੱਖਿਆ, ਉਸ ਨੂੰ ਆਪਣੇ ਪਿਤਾ ਭਾਈ ਭਾਗ ਸਿੰਘ ਜੀ ਪਾਸੋਂ ਵਿਰਸੇ ਵਿੱਚ ਮਿਲੀ।

ਸ੍ਰੀਮਾਨ ਸੰਤ ਅਤਰ ਸਿੰਘ ਜੀ ਤੇ ਭਾਈ ਸਾਹਿਬ ਭਾਈ ਵੀਰ ਸਿੰਘ ਜੀ ਦਾ ਪ੍ਰਭਾਵ ਕਬੂਲ ਕਰਦਿਆਂ ਹੋਇਆ ਉਸਦੀ ਸ਼ਖਸੀਅਤ ਦਾ ਵਿਕਾਸ ਹੋਇਆ। ਭਾਈ ਹੀਰਾ ਸਿੰਘ ਜੀ ਨੇ ਕੇਵਲ ੪੬-੪੭ ਸਾਲਾਂ ਦੀ ਆਯੂ ਬਤੀਤ ਕੀਤੀ ਤੇ "ਪ੍ਰੀਤਮ ਦੇ ਦੇਸ਼" ਉਡਾਰੀ ਮਾਰ ਗਏ। ਆਪਦੇ ਅਕਾਲ ਚਲਾਣੇ ਤੇ ਖਾਲਸਾ ਸਮਾਚਾਰ ਨੇ ਲਿਖਿਆ ਸੀ "ਭਾਈ ਹੀਰਾ ਸਿੰਘ ਜੀ ਰਾਗੀ ਉਨ੍ਹਾਂ ਵਿਸ਼ੇਸ਼ ਵਿਅਕਤੀਆਂ 'ਚੋਂ ਸਨ, ਜੋ ਹਮੇਸ਼ਾ ਉਤਪਨ ਨਹੀਂ ਹੁੰਦੇ, ਸਗੋਂ ਦੇਸ਼ ਤੇ ਕੌਮ ਦੀਆਂ ਖਾਸ ਲੋੜਾਂ ਹੀ ਉਨ੍ਹਾਂ ਨੂੰ ਜਨਮ ਦਿੰਦੀਆਂ ਹਨ।"

ਆਪਣੀ ਸੰਖੇਪ ਜਿਹੀ ਆਯੂ ਵਿੱਚ ਆਪ ਨੇ ਅਨੇਕਾਂ ਤਪਤ-ਹਿਰਦਿਆਂ ਨੂੰ ਨਾਮਬਾਣੀ ਦੀਆਂ ਫੁਹਾਰਾਂ ਨਾਲ ਠਾਰਿਆ ਤੇ ਅਨੇਕਾਂ ਨੂੰ ਅਕਾਲ ਪੁਰਖ ਦੇ ਚਰਨਾਂ ਨਾਲ ਜੋੜਿਆ। ਅਕਾਲ ਪੁਰਖ ਵਲੋਂ ਮਿਲੀ ਸੰਖੇਪ ਆਯੂ ਗੁਜ਼ਾਰਦਿਆਂ ਹੋਇਆਂ ਵੀ ਆਪ ਨੇ ਵਿਦਿਅਕ ਤੇ ਸਮਾਜਕ ਖੇਤਰਾਂ ਵਿੱਚ ਭਰਪੂਰ ਯੋਗਦਾਨ ਪਾਇਆ ਅਤੇ ਪੰਥਕ-ਕਾਰਜਾਂ ਵਿੱਚ ਵੀ ਭਰਪੂਰ ਹਿੱਸਾ ਪਾਇਆ। ਆਪਦੇ ਅਕਾਲ ਚਲਾਣੇ 'ਤੇ "ਖਾਲਸਾ ਸਮਾਚਾਰ" ਦੇ ਮੁੱਖ ਲੇਖ ਵਿੱਚ ਸੁਯੋਗ-ਸੰਪਾਦਕ ਨੇ ਲਿਖਿਆ ਸੀ, "ਇਸ ਗੱਲ ਵਿੱਚ ਅੱਜ ਰਤੀ ਜਿੰਨੀ ਵੀ ਸ਼ੱਕ ਦੀ ਗੁੰਜ਼ਾਇਸ ਨਹੀਂ ਕਿ ਆਪ ਨੇ ਆਪਣੀਆਂ ਦਿੱਲ-ਖਿੱਚਵੀਆਂ ਤਕਰੀਰਾਂ ਨਾਲ ਜਿੰਨੀਆਂ ਰੂਹਾਂ ਨੂੰ ਨਾਸਤਕਤਾ, ਤੇ ਵਿਸ਼ੇ-ਵਿਕਾਰਾਂ ਦੇ ਗੰਦ ਵਿਚੋਂ ਕੱਢ ਕੇ ਸ਼ੁੱਧ ਤੇ ਪਵਿੱਤਰ ਬਣਾ, ਗੁਰ ਗੋਦੀ ਵਿੱਚ ਇਸ ਇਕੱਲੇ ਜਰਨੈਲ ਨੇ ਬਿਠਾਇਆ, ਉਨਾਂ ਕੰਮ ਇਸ ਸਮੇਂ ਵਿੱਚ ਕਿਸੇ ਇੱਕ ਆਦਮੀ ਨੇ ਨਹੀਂ ਕੀਤਾ।"

ਭਾਈ ਸਾਹਿਬ ਭਾਈ ਵੀਰ ਸਿੰਘ ਜੀ ਦੇ ਸ਼ਬਦ ਸਨ, "ਭਾਈ ਹੀਰਾ ਸਿੰਘ ਸਾਡੇ ਵਿੱਚ ਉਸ ਪਹੁ-ਫੁਟਾਲੇ ਦੀ ਇਕ ਰਿਸ਼ਮ ਸੀ, ਜੋ ਨਵੇ ਕਿਸਮ ਦਾ ਉਦੈ ਹੋ ਰਿਹਾ ਹੈ। ਉਸ ਵਿੱਚ ਧਰਮ ਭਾਵ ਸੀ। ਸਿਮਰਨ ਦਾ ਸ਼ੌਕ ਸੀ। ਬਾਣੀ ਨਾਲ ਅੰਦਰੋਂ ਰੁਚੀ ਸੀ। ਕੀਰਤਨ ਤੇ ਨਾਲ ਕਮਾਲ ਸੀ ਫਸਾਹਤ ਦਾ। ਕਥਨੀ ਵਿੱਚ ਬਰਕਤ ਸੀ। ਦਾਤ ਸਾਈਂ ਦੀ-ਪਰ ਅੰਦਰਲੇ ਧਰਮ ਭਾਗ ਦੇ ਨਕਸ਼ ਉਸ ਦੇ ਕਥਨ ਵਿੱਚ ਕਲਾ ਕੌਸ਼ਲ ਦਾ ਕਮਾਲ ਦਿਖਾਲਦੇ ਸਨ।" (ਅਮੋਲਕ ਹੀਰਾ, ਪੰਨਾ ੨੧੫-੧੬) ਪ੍ਰੋਫੈਸਰ ਪੂਰਨ ਸਿੰਘ ਜੀ ਨੇ ਭਾਈ ਹੀਰਾ ਸਿੰਘ ਨੂੰ, ਆਪਣੇ ਸ਼ਬਦ 'ਚ ਇਉਂ ਬਿਆਨ ਕੀਤਾ:

"ਤੂੰ ਭਰਾਵਾ ਦੱਸਿਆ-ਮਨੁੱਖ ਹੋਣਾ! ਬੱਸ ਮਿੱਠੀ ਆਵਾਜ਼ ਹੈ, ਸਿੱਖ ਹੋਣਾ, ਚੁੱਪ ਹੋਣਾ, ਕੰਬ ਖਲੋਣਾ, ਪਥਰ ਮੋਮ ਕਰਨੇ ਆਵਾਜ਼ ਨਾਲ, ਦਿਲ ਛੁਪਾਣਾ ਆਪਣਾ ਤੇ ਦਿਲ ਹਿਲਾਣਾ ਸੰਸਾਰ ਦਾ ਰਹਿਣਾ ਨਿਮਾਣਾ, ਪਰ ਸਦਾ ਉਠਾਣਾ ਝੰਡਾ ਅਕਾਲੀ ਸਰਕਾਰ ਦਾ।"

ਭਾਈ ਹੀਰਾ ਸਿੰਘ ਜੀ ਰਾਗੀ ਦੇ ਸਾਰੇ ਗੁਣ, ਸਾਰੀਆਂ ਵਡਿਆਈਆਂ, ਸਾਰੀਆਂ ਸਿਫਤਾਂ, ਮੇਰੇ ਵਰਗੇ ਕਮਜ਼ੋਰ, ਵਿਅਕਤੀ ਦੀ ਕਮਜ਼ੋਰ-ਕਲਮ ਤੋਂ ਬਿਆਨ ਕਰਨੇ ਤਾਂ ਸੰਭਵ ਨਹੀਂ। ਮੈਂ ਅੱਜ ਆਪ ਜੀ ਦੀ ਬਰਸੀ ਨੂੰ ਆਪਣੀ ਸ਼ਰਧਾਂਜਲੀ ਆਪ ਜੀ ਦੇ ਗੁਰਦੁਆਰਾ ਸੁਧਾਰ ਲਹਿਰ ਤੇ ਅਕਾਲੀ-ਲਹਿਰ 'ਚ ਪਾਏ ਯੋਗਦਾਨ ਬਾਰੇ ਹੀ, ਸੰਖੇਪ-ਸ਼ਬਦਾਂ ਵਿੱਚ, ਉਨ੍ਹਾਂ ਦੇ ਪੰਥ-ਸੇਵਕ ਤੇ ਸੱਚੇ-ਸੁੱਚੇ ਸਿੱਖ ਪ੍ਰਚਾਰਕ ਹੋਣ ਦਾ ਵਰਣਨ ਕਰਕੇ ਹੀ, ਦੇਣ ਦੀ ਨਿਮਾਣੀ ਜਿਹੀ ਕੋਸ਼ਿਸ਼ ਕਰਾਂਗਾ।

ਇਕ ਪੰਥ-ਸੇਵਕ ਤੇ ਪ੍ਰਚਾਰਕ ਹੋਣ ਦੇ ਨਾਤੇ ਭਾਈ ਵੀਰ ਸਿੰਘ ਜੀ ਦੇ ਹਿਰਦੇ ਵਿੱਚ ਗੁਰਦੁਆਰਿਆਂ ਨਾਲ ਪਿਆਰ ਤੇ ਗੁਰਦੁਆਰਾ ਸੁਧਾਰ-ਲਹਿਰ ਦਾ ਅਸਰ ਹੋਣਾ ਕੁਦਰਤੀ ਹੀ ਸੀ। ਇਸ ਸੰਬੰਧ ਵਿੱਚ ਆਪਣੀ ਜ਼ਿੰਮੇਵਾਰੀ ਨੂੰ ਉਹ ਦਿਲੋਂ-ਜਾਨੋਂ ਮਹਿਸੂਸ ਕਰਦੇ ਸਨ। ਆਪਦੇ ਹਿਰਦੇ ਅੰਦਰ ਪੰਥਕ-ਜੋਸ਼ ਤੇ ਦਰਦ ਸਦਾ ਠਾਠਾਂ ਮਾਰਦਾ ਰਹਿੰਦਾ ਸੀ। ਜਿਵੇਂ ਜਿਵੇਂ ਗੁਰਦੁਆਰਾ-ਸੁਧਾਰ ਲਹਿਰ ਵੱਧਦੀ ਗਈ, ਤਿਵੇਂ ਤਿਵੇਂ ਸੰਗਤਾਂ ਨੂੰ ਪ੍ਰੇਰਨਾ ਦੇਣ ਤੇ ਕੁਰਬਾਨੀ ਦੀ ਭਾਵਨਾ ਪੈਦਾ ਕਰਨ ਦੀ ਲੋੜ ਨੂੰ ਮਹਿਸੂਸ ਕਰਦਿਆਂ ਹੋਇਆਂ ਆਪਣੀਆਂ ਸੇਵਾਵਾਂ ਪ੍ਰਬੰਧਕਾਂ ਨੂੰ ਅਰਪਨ ਕਰ ਦਿੱਤੀਆ। ੧੯੧੯ ਵਿੱਚ ਜਦੋਂ ਜਲ੍ਹਿਆਂ ਵਾਲੇ ਬਾਗ ਦੇ ਹਤਿਆਰੇ "ਡਾਇਰ" ਨੂੰ ਸ੍ਰੀ ਦਰਬਾਰ ਸਾਹਿਬ ਦੇ ਸਰਬਰਾਹ ਤੇ ਪੁਜਾਰੀਆਂ ਵੱਲੋਂ ਸਿਰੋਪਾ ਦਿੱਤਾ ਗਿਆ ਤਾਂ ਸਿੱਖਾਂ ਦੇ ਖ਼ੂਨ ਨੇ ਉਬਾਲਾ ਖਾਧਾ ਤੇ ਗੁਰਦੁਆਰਾ ਪ੍ਰਬੰਧ-ਸੁਧਾਰ ਲਈ ਅੰਦੋਲਨ, ਦਾ ਮੁੱਢ ਬੱਝ ਗਿਆ, ਜਿਸ ਨੇ ਅੱਗੇ ਚੱਲ ਕੇ

ਅਕਾਲੀ-ਲਹਿਰ ਨੂੰ ਜਨਮ ਦਿੱਤਾ। ਇਨ੍ਹਾਂ ਦਿਨਾਂ ਵਿੱਚ ਹੀ ਸਿੰਘ ਸਭਾ ਦੇ ਸੇਵਕਾਂ ਨੇ, ਅਖੌਤੀ ਅਛੂਤ ਜਾਤੀਆਂ ਨੂੰ ਸਿੰਘ ਸਜਾਉਣਾ ਆਰੰਭ ਕੀਤਾ ਤਾਂ ਖਾਲਸਾ ਬਰਾਦਰੀ ਦੇ ਸਿੰਘ ਇਕੱਠੇ ਹੋਕੇ ੧੨ ਅਕਤੂਬਰ ੧੯੨੦ ਨੂੰ ਦਰਬਾਰ ਸਾਹਿਬ ਪੁੱਜੇ ਤਾਂ ਪੁਜਾਰੀਆਂ ਨੇ ਕੜਾਹ ਪ੍ਰਸ਼ਾਦਿ ਦੀ ਭੇਟ ਸਵੀਕਾਰ ਕਰਨ ਤੋਂ ਇਨਕਾਰ ਕਰ ਦਿੱਤਾ। ਕੁਝ ਵਾਦ-ਵਿਵਾਦ ਉਪ੍ਰੰਤ ਸੀ ਗੁਰੂ ਗ੍ਰੰਥ ਸਾਹਿਬ ਜੀ ਦਾ ਹੁਕਮਨਾਮਾ ਲਿਆ ਗਿਆ। "ਹੁਕਮਨਾਮਾ" ਇਹ ਪ੍ਰਾਪਤ ਹੋਇਆ- "ਨਿਗੁਣਿਆਂ ਨੋ ਆਪੇ ਬਖਸਿ ਲਏ ਭਾਈ ਹਰਿ ਜੀਉ ਆਪੇ ਬਖਸਿ ਮਿਲਾਏ।। ਗੁਣਹੀਨ ਹਮ ਅਪਰਾਧੀ। ਭਾਈ ਪੂਰੇ ਸਤਿਗੁਰਿ ਲਏ ਰਲਾਇ।।"

(ਅੰਗ ੬੩੮)

ਹੁਕਮਨਾਮਾ ਸੁਣ ਕੇ ਪੁਜਾਰੀ ਅਕਾਲ ਤਖਤ ਸਾਹਿਬ ਛੱਡ ਕੇ ਦੌੜ ਗਏ। ਇਸ ਤਰ੍ਹਾਂ ਗੁਰਦੁਆਰਾ ਸੁਧਾਰ ਲਹਿਰ ਦਾ ਮੁੱਢ ਬੱਝਾ ਫਲਸਰੂਪ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਮੁੱਢ ਬੱਝਾ। ਕਮੇਟੀ ਤਾਂ ਬਣ ਗਈ ਪਰ ਖਜ਼ਾਨੇ ਦੀਆਂ ਚਾਬੀਆਂ ਸਰਬਰਾਹ ਪਾਸ ਹੀ ਰਹੀਆਂ ਇਸ 'ਤੇ "ਚਾਬੀਆਂ ਦਾ ਮੋਰਚਾ" ਲੱਗਾ। ਪੂਰੇ ਇਕ ਸਾਲ ਦੇ ਅੰਦੋਲਨ ਪਿੱਛੋਂ ੧੯ ਜਨਵਰੀ ੧੯੨੨ ਨੂੰ ਚਾਬੀਆਂ ਪੰਥ ਹਵਾਲੇ ਕੀਤੀਆਂ ਗਈਆਂ ਤੇ ਮੋਰਚਾ ਫਤਹਿ ਹੋਇਆ। ਮਹਾਤਮਾ ਗਾਂਧੀ ਨੇ "ਸਿੱਖਾਂ ਦੇ ਬੇਤਾਜ ਬਾਦਸ਼ਾਹ" ਸਰਦਾਰ ਖੜਕ ਸਿੰਘ ਜੀ ਨੂੰ ਤਾਰ ਰਾਹੀ ਵਧਾਈ ਦਿੰਦਿਆਂ ਕਿਹਾ, "ਆਜ਼ਾਦੀ ਦੀ ਜੰਗ ਅੱਧੀ ਜਿੱਤੀ ਗਈ।"

੨੦ ਫਰਵਰੀ ੧੯੨੧ ਨੂੰ ਸ੍ਰੀ ਨਨਕਾਣਾ ਸਾਹਿਬ ਦਾ ਸ਼ਹੀਦੀ-ਸ਼ਾਕਾ ਵਰਤ ਚੁਕਾ ਸੀ। ਇਹ ਸਾਕਾ ਅੰਗਰੇਜ਼ੀ ਸਰਕਾਰ ਤੇ ਪੁਲੀਸ ਦੀ ਸ਼ਹਿ ਨਾਲ ਵਾਪਰਿਆ ਸੀ। ਅਨੇਕਾਂ ਸਿੰਘ ਸ਼ਹੀਦ ਹੋਏ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਹੋਈ। ਗੱਡੀਆਂ ਬੰਦ ਹੋਣ ਦੇ ਬਾਵਜੂਦ ਹਜ਼ਾਰਾਂ ਦੀ ਸੰਖਿਆ ਵਿੱਚ ਸੰਗਤਾਂ ਨਨਕਾਣੇ ਸਾਹਿਬ ਪੁੱਜੀਆਂ। ਭਾਈ ਹੀਰਾ ਸਿੰਘ ਜੀ ਰਾਗੀ ਨਨਕਾਣੇ ਸਾਹਿਬ ਪੁੱਜੇ। ਆਪ ਸੰਗਤਾਂ ਦੀ ਅਗਵਾਈ ਕਰਦੇ ਹੋਏ ਸ਼ਬਦ ਪੜ੍ਹਦੇ ਹੋਏ ਜਾ ਰਹੇ ਸਨ। ਆਪ ਵੈਰਾਗ-ਮਈ ਸ਼ਬਦ ਤੇ "ਮਰਉ ਤਾ ਹਰਿ ਕੇ ਦੁਆਰ;" ਆਦਿ ਪੜ੍ਹ ਰਹੇ ਸਨ। ਜਦ ਜਨਮ-ਸਥਾਨ ਸਾਹਿਬ ਦਾ ਦਰਵਾਜ਼ਾ ਖੁਲ੍ਹਿਆ ਤਾਂ ਭਾਈ ਸਾਹਿਬ ਸੰਗਤਾਂ ਦੇ ਨਾਲ ਅੰਦਰ ਗਏ। ਸ਼ਹੀਦਾਂ ਦੀਆਂ ਅੱਧ ਸੜੀਆਂ ਲਾਸ਼ਾਂ ਤੇ ਕਈ ਲੱਤਾਂ-ਬਾਹਾਂ ਖਿਲਰੀਆਂ ਪਈਆਂ ਸਨ। 'ਦ੍ਰਿਸ਼ ਬੜਾ ਭਿਆਨਕ ਤੇ ਕਰੁਣਾਮਈ ਸੀ। ਜਦ ਭਾਈ ਸਾਹਿਬ ਨੇ ਚੋਖੰਡੀ ਦੇ ਅੰਦਰ ਜਾ ਕੇ, ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਗੋਲੀਆਂ ਨਾਲ ਜ਼ਖ਼ਮੀ ਕੀਤੀ ਬੀੜ ਦੇ ਦਰਸ਼ਨ ਕੀਤੇ ਤਾਂ ਆਪ ਦੀਆਂ ਭੁੱਬਾਂ ਨਿਕਲ ਗਈਆਂ। ਉਸ ਸਮੇਂ ਦੇ ਗੁਰਦੁਆਰਾ ਸਾਹਿਬ ਦੇ ਮੈਨੇਜਰ ਸ. ਨਰਾਇਣ ਸਿੰਘ ਦੇ ਲਿਖਣ ਅਨੁਸਾਰ "ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ, ਜੋ ਕਈ ਗੋਲੀਆ ਨਾਲ ਜ਼ਖ਼ਮੀ ਕੀਤੀ ਹੋਈ ਸੀ, ਦਾ ਪਹਿਲਾ ਪ੍ਰਕਾਸ਼, ਸ਼ਹੀਦ ਸਿੰਘਾਂ ਦੇ ਸਰੀਰਾਂ ਲਾਗੇ, ਖੁਲ੍ਹੇ ਥਾਂ 'ਤੇ ਭਾਈ ਹੀਰਾ ਸਿੰਘ ਜੀ ਰਾਗੀ ਨੇ ਕੀਤਾ। ਉਸ ਸਮੇਂ ਜੋ ਗੁਰ-ਵਾਕ ਆਇਆ, ਉਸ ਦੇ ਪਹਿਲੇ ਪਦ ਸਨ:- "ਤਪਿ ਤਪਿ ਲੁਹਿ ਲੁਹਿ ਹਾਥ ਮਰੋਰਉ ਬਾਵਲਿ ਹੋਈ ਸੋ ਸਹੁ ਲੋਰਉ......." ਭਾਈ ਹੀਰਾ ਸਿੰਘ ਜੀ ਇਹ ਤੁੱਕ ਬਾਰ-ਬਾਰ ਪੜ੍ਹਦੇ ਸਨ। ਹਜ਼ਾਰਾਂ ਨੇਤਰਾਂ ਚੋਂ ਨੀਰ ਚਲ ਰਿਹਾ ਸੀ। ਸਚਮੁੱਚ "ਮੈਂ ਨੀਰ ਵਹੇ ਵਹਿ ਚਲੇ ਜੀਉ" ਦਾ ਅਦਭੁਤੀ ਦਰਸ਼ਨ ਵਰਤ ਰਿਹਾ ਸੀ।" (ਖਾਲਸਾ ਸਮਾਚਾਰ, ੧੯ ਸਤੰਬਰ ੧੯੭੬) ਪਵਿਤਰ ਬੀੜ ਚੋਂ ਸੱਤ ਗੋਲੀਆਂ ਭਾਈ ਹੀਰਾ ਸਿੰਘ ਜੀ ਨੇ ਆਪਣੀ ਹੱਥੀਂ ਕੱਢੀਆਂ ਸਨ।" ਭਾਈ ਹੀਰਾ ਸਿੰਘ ਜੀ ਕਹਿ ਰਹੇ ਸਨ, "ਵੇਖੋ ਸਤਿਗੁਰੂ ਦੀ ਛਾਤੀ ਵਿੱਚ ਗੋਲੀਆਂ ਵੱਜੀਆਂ ਪਈਆਂ ਹਨ।" ਵੀਹ ਫੁੱਟ ਲੰਬਾ ਤੇ ਲੱਠ ਫੁੱਟ ਉੱਚਾ ਅੰਗੀਠਾ ਤਿਆਰ ਕੀਤਾ ਗਿਆ। ਤਿੰਨ ਸਾਬਤ ਦੇਹਾਂ ਚਿਖਾ ਉਪਰ ਰੱਖੀਆਂ ਗਈਆਂ, ਬਾਕੀ ਸਰੀਰਕ ਅੰਗ-ਲੱਤਾਂ, ਬਾਹਵਾਂ, ਤਿੰਨ ਟੋਕਰੇ ਕੀਮੇ ਵਰਗੇ ਕੀਤੇ ਮਾਸ ਦੇ ਟੁਕੜੇ ਅੰਗੀਠੇ ਵਿੱਚ ਰੱਖ ਕੇ, ਚਾਰ ਪੀਪੇ ਘਿਉ ਦੇ ਪਾਏ ਗਏ ਤੇ ਸ਼ਹੀਦਾਂ ਦਾ ਸਸਕਾਰ ਕੀਤਾ ਗਿਆ।

ਸੰਗਤਾਂ ਸ਼ਬਦ ਪੜ੍ਹ ਰਹੀਆਂ ਸਨ, "ਮਰਉ ਤਾ ਹਰਿ ਕੇ ਦੁਆਰ।"

ਸਸਕਾਰ ਹੁੰਦਾ ਰਿਹਾ ਤੇ ਦੂਜੇ ਪਾਸੇ ਦੀਵਾਨ ਸੱਜ ਗਿਆ। ਸ਼ਹੀਦੀ ਬੜ੍ਹੀ 'ਚੋਂ ਵਾਕ ਫੇਰ ਭਾਈ ਹੀਰਾ ਸਿੰਘ ਜੀ ਨੇ ਹੀ ਲਿਆ। ਗੁਰਵਾਕ ਸੀ "ਜੋ ਲੋੜੀਦੇ ਰਾਮ ਸੇਵਕ ਸੇਈ ਕਾਢਿਆ।".......(ਰਾਗ ਵਡਹੰਸ ਮਹਾਲਾ ੫ ਛੰਤ ਘਰ ੪) ਇਹ ਸਾਕਾ ਅਜੇ ਭੁਲਿਆ ਨਹੀਂ ਸੀ (ਭੁੱਲ ਕਿਵੇਂ ਸਕਦਾ ਸੀ) ਕਿ ਗੁਰੂ ਕੇ ਬਾਗ ਦਾ ਮੋਰਚਾ ਅਗਸਤ ੧੯੨੨ 'ਚ ਸ਼ੁਰੂ ਹੋ ਗਿਆ, ਜੋ ੨੦ ਨਵੰਬਰ ਤੱਕ ਨਿਰੰਤਰ ਚੱਲਿਆ। ਇਸ ਮੋਰਚੇ 'ਚ ਭਾਗ ਲੈਣ ਲਈ ਸਿੱਖ ਸੰਗਤਾਂ ਧੜਾ-ਧੜ ਆਉਂਦੀਆਂ ਰਹੀਆਂ, ਉਨ੍ਹਾਂ ਦੇ ਹਿਰਦਿਆਂ ਅੰਦਰ ਕੌਮੀ-ਜੋਸ਼- ਤੇ ਉਤਸ਼ਾਹ ਭਰਨ ਲਈ ਪ੍ਰਬੰਧਕਾਂ ਵਲੋਂ ਕੀਰਤਨ ਦੀ ਸੇਵਾ ਭਾਈ ਹੀਰਾ ਸਿੰਘ ਜੀ ਦੇ ਜ਼ਿੰਮੇ ਲਗਾਈ। ਭਾਈ ਸਾਹਿਬ ਕੀਰਤਨ ਦੇ ਨਾਲ ਨਾਲ ਸ਼ਹੀਦਾਂ ਦੇ-ਪ੍ਰਸੰਗ ਸੁਣਾ ਕੇ ਸੰਗਤਾਂ 'ਚ ਜੋਸ਼ ਭਰਦੇ ਰਹੇ।

ਜੈਤੋ ਦਾ ਮੋਰਚਾ, ਜੋ ਮਹਾਰਾਜਾ ਰਿਪੁਦਮਨ ਸਿੰਘ ਨਾਭਾ-ਪਤੀ ਨੂੰ ਗੱਦੀਓਂ ਲਾਹੁਣ 'ਤੇ ਰੋਸ ਵਜੋਂ ਸ਼ੁਰੂ ਹੋਇਆ ਸੀ। ੧੪ ਸਤੰਬਰ ੧੯੨੩ ਨੂੰ ਨਵੀਂ ਸ਼ਕਲ ਇਖਤਿਆਰ ਕਰ ਗਿਆ, ਜਦੋਂ ਗੁਰਦੁਆਰਾ ਗੰਗਸਰ ਵਿੱਚ ਰੱਖੇ ਸ੍ਰੀ ਅਖੰਡਪਾਠ ਸਾਹਿਬ ਦੇ ਪਾਠ ਕਰਨ ਵਾਲੇ ਗ੍ਰੰਥੀ ਨੂੰ ਜ਼ਬਰਦਸਤੀ ਉਠਾ ਕੇ ਪਾਠ ਖੰਡਤ ਕਰ ਦਿੱਤਾ। ੧੫ ਸਤੰਬਰ ੧੯੨੩ ਤੋਂ ਰੋਸ ਵਜੋਂ ਮੋਰਚਾ ਲਗਾ ਦਿੱਤਾ ਗਿਆ। ੨੫-੨੫ ਸਿੰਘਾਂ ਦੇ ਜੱਥੇ ਸ੍ਰੀ ਅਕਾਲ ਤਖਤ ਸਾਹਿਬ ਤੋਂ ਸ਼ਾਂਤਮਈ ਰਹਿਣ ਦੇ ਪ੍ਰਣ ਲੈ ਕੇ ਜਾਣੇ ਸ਼ੁਰੂ ਹੋ ਗਏ। ਇਹ ਸਿਲਸਲਾ ਜਨਵਰੀ ੧੯੨੯ ਤੱਕ ਜਾਰੀ ਰਿਹਾ। ਲੱਗ ਪੱਗ ੫੦੦੦ ਸਿੰਘ ਕੈਦ ਹੋਏ। ਸਰਕਾਰ ਟੱਸ ਤੋਂ ਮੱਸ ਨਾ ਹੋਈ ਤਾਂ ੨੦ ਫਰਵਰੀ ਨੂੰ ਪਹਿਲਾ ੫੦੦ ਸੌ ਦਾ ਸ਼ਹੀਦੀ ਜੱਥਾ ਗਿਆ ਜੋ ੨੦ ਫਰਵਰੀ ਨੂੰ ਉਥੇ ਪੁੱਜਾ। ੨੧ ਫਰਵਰੀ ਨੂੰ ਜੱਥੇ ਉਤੇ ਗੋਲੀ ਚਲਾਈ ਗਈ, ਜਿਸ ਨਾਲ ਬਹੁਤ ਸਾਰੇ ਸ਼ਹੀਦ ਤੇ ਜ਼ਖ਼ਮੀ ਹੋਏ। ਦੂਜਾ ਸ਼ਹੀਦੀ ਜੱਥਾ ੨੮

ਫਰਵਰੀ ਨੂੰ ਚੱਲ ਕੇ ੧੪ ਮਾਰਚ ੧੯੨੮ ਨੂੰ ਜੈਤੋ ਪੁੱਜਾ, ਜਿਸ ਨੂੰ ਕੈਦ ਕਰ ਲਿਆ ਗਿਆ, ਇਸ ਤਰ੍ਹਾਂ ਕੁਲ ੧੭ ਸ਼ਹੀਦੀ ਜੱਥੇ ਗਏ। ਅੰਤ ਜੋਸ਼ ਤੇ ਉਤਸ਼ਾਹੀ ਨੂੰ ਵੇਖਕੇ ਸਰਕਾਰ ਯਰਕ ਗਈ ਅਤੇ ਅਖੰਡ ਪਾਠ ਸਾਹਿਬ ਕਰਨ ਦੀ ਆਗਿਆ ਦੇ ਕੇ ਪਾਬੰਧੀ ਹਟਾ ਲਈ ਗਈ। ਫਲਸਰੂਪ ਮੋਰਚਾ ਬੜੀ ਸ਼ਾਨ ਨਾਲ ਫਤਹਿ ਹੋਇਆ, ਇਸ ਸਬੰਧ 'ਚ ਭਾਈ ਹੀਰਾ ਸਿੰਘ ਜੀ ਰਾਗੀ ਨੇ ਆਪਣੀਆਂ ਸੇਵਾਵਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅਰਪਨ ਕਰ ਦਿੱਤੀਆਂ ਸਨ। ਸ਼੍ਰੋਮਣੀ ਕਮੇਟੀ ਵੱਲੋਂ ਆਪ ਜੀ ਦੀ ਕੀਰਤਨ ਕਰਨ ਦੀ ਸੇਵਾ ਸ੍ਰੀ ਅਕਾਲ ਤਖਤ ਸਾਹਿਬ 'ਤੇ ਲਗਾਈ ਜਿਥੋਂ ਤਿਆਰ ਹੋ ਕੇ ਸ਼ਹੀਦੀ-ਜੱਥੇ ਮੋਰਚੇ 'ਚ ਜਾਂਦੇ ਸਨ। ਭਾਈ ਹੀਰਾ ਸਿੰਘ ਜੀ ਕੀਰਤਨ ਕਰਦਿਆਂ, ਸਿੱਖੀ-ਸਿਦਕ ਦੀ ਉਹ ਭਾਵਨਾ ਪੈਦਾ ਕਰ ਦਿੰਦੇ ਸਨ ਕਿ ਨਵੇਂ ਜੱਥੇ ਸ਼ਹੀਦੀਆਂ ਦੇਣ ਲਈ ਮੋਰਚੇ 'ਚ ਜਾਣ ਨੂੰ ਤਿਆਰ ਹੋ ਜਾਂਦੇ ਸਨ। ਇਸ ਸਬੰਧ 'ਚ ਭਾਈ ਤੇਜਾ ਸਿੰਘ ਜੀ ਕੋਹਲੀ ਦਾ ਇਕ ਲੇਖ "ਗੁਰਮਤਿ ਪ੍ਰਕਾਸ਼ ਫਰਵਰੀ ੧੯੭੩" ਵਿੱਚ ਛਪਿਆ ਸੀ, ਜਿਸ ਦੇ ਕੁਝ ਅੰਸ਼ ਏਥੇ ਦਿਤੇ ਜਾਂਦੇ ਹਨ:-"ਅਕਾਲੀ ਆਗੂਆਂ ਨੇ ਤਜਵੀਜ਼ ਕੀਤਾ ਕਿ ਪੰਜ ਸੌ ਦੇ ਤਿਆਰ ਹੋਏ ਜੱਥੇ ਨੂੰ ਪਹਿਲਾਂ ਭਾਈ ਹੀਰਾ ਸਿੰਘ ਜੀ ਰਾਗੀ ਸੰਬੋਧਨ ਕਰਿਆ ਕਰਨਗੇ। ਭਾਈ ਸਾਹਿਬ ਜਦੋਂ ਸਟੇਜ ਤੇ ਆਏ ਤਾਂ ਉਨ੍ਹਾਂ ਦੇਖਿਆ ਕਿ ਉਨ੍ਹਾਂ ਦੇ ਸਾਹਮਣੇ ਦੂਹਰੇ-ਦਸਤਾਰੇ ਸਜਾਈ ਛੇ-ਛੇ ਫੁੱਟੇ, ਅਰੋਗ, ਸੁਹਣੇ ਤੇ ਸੁੰਦਰ ਨੈਣ-ਨਕਸ਼ ਵਾਲੇ ਸਿੱਖ ਨੌਜਵਾਨ ਖੜੇ ਸਨ, ਜਿਨ੍ਹਾਂ ਦੇ ਮੁਖੜਿਆਂ ਤੇ ਜੋਬਨ ਠਾਠਾਂ ਮਾਰ ਰਿਹਾ ਸੀ। ਨਿੱਡਰ, ਨਿਸ਼ਚਿਤ ਹੋ ਕੇ, ਉਤਸ਼ਾਹ ਤੇ ਉਮਾਹ ਵਿੱਚ ਤਿਆਰ-ਬਰ-ਤਿਆਰ, ਪੰਥ ਦੇ ਹੁਕਮ ਦੀ ਉਡੀਕ ਕਰ ਰਹੇ ਸਨ।.........

ਭਾਈ ਸਾਹਿਬ ਚਾਰ-ਪੰਜ ਮਿੰਟ ਇਹ ਨਜ਼ਾਰਾ ਵੇਖਦੇ ਰਹੇ। ਫੇਰ ਆਪ ਜੀ ਨੇ ਕਿਹਾ, "ਮੇਰੇ ਕਲਗੀਧਰ ਦੇ ਸਰੂਪ, ਮੇਰੇ ਪੂਜਯ ਗੁਰੂ ਖਾਲਸਾ ਜੀਓ ! ਜੀਅ ਕਰਦਾ ਹੈ ਕਿ ਤੁਹਾਡੇ ਚਰਨ ਚੁੰਮ ਲਵਾ, ਚਰਨ-ਧੂੜੀ ਆਪਣੇ ਮਸਤਕ 'ਤੇ ਲਾ ਲਵਾਂ। ਤੁਸੀਂ ਨਿੱਡਰ ਤੇ ਨਿਸ਼ਚਿੰਤ ਹੋ ਕੇ ਆਪਣੇ ਕਲਗੀਧਰ ਪਿਤਾ ਜੀ ਦੀ ਸੇਵਾ ਲਈ ਸ਼ਹੀਦੀ ਪਾਉਣ ਵਾਸਤੇ ਤਿਆਰ ਖੜੇ ਹੋ। ਤੁਸਾਂ ਸ਼ਾਂਤਮਈ ਰਹਿਣਾ ਹੋਵੇਗਾ। ਤੁਹਾਡੇ ਦਿਲਾਂ ਵਿਚੋਂ ਤੋੜ ਸ੍ਰੀ ਗੰਗਸਰ ਪਹੁੰਚਦੇ ਤੱਕ ਅੰਤ ਹੁੰਦਿਆਂ ਤੱਕ ਇਹ ਹੀ ਨਿਕਲਦਾ ਰਹੇ:-

"ਮੁਹਿ ਮਰਨੇ ਕਾ ਚਾਉ ਹੈ<br>
ਮਰਉ ਤਾਂ ਹਰਿ ਕੈ ਦੁਆਰ॥<br>
ਮਤ ਹਰਿ ਪੂਛੈ ਕਉਣ ਹੈ<br>
ਪਰਾ ਹਮਾਰੈ ਬਾਰ।"

ਭਾਈ ਹੀਰਾ ਸਿੰਘ ਜੀ ਦੇ ਹਿਰਦੇ 'ਚੋਂ ਐਸੀ ਹੂਕ ਨਿਕਲੀ ਕਿ ਉਹ ਭਾਵੁਕ ਹੋ ਕੇ ਕਹਿਣ ਲੱਗੇ, "ਜਿਹੜਾ ਸਤਿਗੁਰੂ ਕਲਗੀਆਂ ਵਾਲਾ, ਭਾਈ ਜੋਗਾ ਸਿੰਘ ਪਾਪਾਂ-ਗੁਨਾਹਾਂ ਦੇ ਖੱਡੇ ਵਿੱਚ ਡਿਗਣੋਂ ਬਚਾਣ ਲਈ ਸਾਰੀ ਰਾਤ ਵੇਸਵਾ ਦੇ ਦਰ 'ਤੇ ਪਹਿਰਾ ਦੇਂਦਾ ਰਿਹਾ, ਉਹ ਤੁਹਾਨੂੰ ਧਰਮ ਕੌਮ ਤੇ ਦੇਸ਼ ਨੂੰ ਬਚਾਣ ਵਾਲੇ ਸੂਰਬੀਰਾਂ ਦੀ ਬਹੁੜੀ ਕਿਉਂ ਨਾ ਕਰੇਗਾ?" ਤੁਸੀਂ ਦਸਮੇਸ਼ ਜੀ ਦੇ ਹੋ ਤੇ ਉਹ ਤੁਹਾਡਾ ਰਾਖਾ ਹੈ। ਮੇਰੇ ਪੂਜਯ ਗੁਰਸਿਖੋ ! ਆਉ ਮੇਰੀਆਂ ਅੱਖਾਂ ਨਾਲ ਵੇਖੋ ! ਅਹੁ ਅਰਸ਼ਾਂ ਵਿੱਚ ਖੜਾ ਸ੍ਰੀਰ 'ਤੇ ਖੰਡੇ-ਚੱਕਰ ਲਗਾਕੇ, ਗਾਤਰੇ ਸ੍ਰੀ ਸਾਹਿਬ ਸਜਾ ਕੇ ਗੋਡਿਆਂ ਤੱਕ ਪਹੁੰਚਦੀ ਆਪਣੀ ਲੰਬੀ ਬਾਂਹ ਦੀ ਸੈਨਤ ਤੁਹਾਡੇ ਵੱਲ ਕਰਕੇ, ਇਹ ਆਖਦਾ ਮੈਨੂੰ ਦਿੱਸਦਾ ਹੈ:-

"ਇਨਹੀ ਕੀ ਕ੍ਰਿਪਾ ਕੇ ਸਜੇ ਹਮ ਹੈ,<br>
ਨਹਿ ਮੋ ਸੋ ਗਰੀਬ ਕਰੋਰ ਪਰੇ॥"

"ਮੋ ਸੋ ਗਰੀਬ ਡੂੰਘਾ ਭਾਵ ਅਨੁਭਵ ਕਰਦਿਆਂ ਭਾਈ ਹੀਰਾ ਸਿੰਘ ਜੀ ਸਟੇਜ 'ਤੇ ਖੜੇ-ਖੜੇ ਫਿੱਸ ਪਏ। ਆਪਦੇ ਸੁੰਦਰ ਨੈਣਾਂ ਵਿਚੋਂ ਮੋਟੇ-ਮੋਟੇ ਮੋਤੀਆਂ ਵਰਗੇ ਆਂਸੂ ਡੁੱਲ੍ਹਕੇ ਆਪ ਦੇ ਦਾਹੜੇ ਵਿਚ ਸਮਾਣ ਲੱਗੇ। ਅੱਜ ਗੁਰੂ ਰਚਨਾ ਦੇ ਪ੍ਰੇਮ ਵਿੱਚ ਰੋਂਦਿਆਂ ਉਨ੍ਹਾਂ ਨੂੰ ਰੁਦਨ ਕਰਦਿਆਂ ਵੇਖ ਕੇ ਸ਼ਹੀਦੀ-ਜੱਥੇ ਦੇ ਪੰਜ ਸੌ ਸਿੰਘ ਹੀ ਨਹੀਂ ਹਜ਼ਾਰਾਂ ਸਿੱਖ ਸੰਗਤਾਂ ਦੇ ਨੇਤਰ ਸੱਜਲ ਹੋ ਗਏ। ਇਥੋਂ ਤੱਕ ਕਿ ਸੀ. ਆਈ. ਡੀ. ਦੇ ਸਿਪਾਹੀ, ਥਾਣੇਦਾਰ ਤੇ ਹੋਰ ਪੁਲਿਸ ਅਫਸਰ ਆਪਣੇ ਵੈਰਾਗ ਭਰੇ ਅਥਰੂਆਂ ਨੂੰ ਸੰਗਤਾਂ ਤੋਂ ਛੁਪਾਣ ਲਈ ਮੂੰਹਾਂ 'ਤੇ ਰੁਮਾਲ ਰੱਖ ਕੇ ਰੋ ਰਹੇ ਸਨ। ਪੁਲਿਸ ਅਫਸਰ ਜ਼ਿਲਾ ਰਾਵਲਪਿੰਡੀ, ਤਹਿਸੀਲ ਗੁਜਰਖਾਨ ਦੇ ਗੁਨਿਆਣੇ ਪਿੰਡ ਦਾ ਰਹਿਣ ਵਾਲਾ ਜ਼ਾਤ ਦਾ ਮੁਧਾਨ ਬ੍ਰਾਹਮਣ ਸੀ। ਉਸ ਪੁਲਿਸ ਅਫਸਰ 'ਤੇ ਇਸ ਸਾਰੇ ਨਜ਼ਾਰੇ ਦਾ ਇਤਨਾ ਅਸਰ ਹੋਇਆ ਕਿ ਉਸ ਨੇ ਨੌਕਰੀ ਤੋਂ ਹਟਣ ਲਈ ਆਪਣਾ ਅਸਤੀਫਾ ਸਰਕਾਰ ਨੂੰ ਭੇਜ ਦਿੱਤਾ। ਪੰਜਾਬ ਦਾ ਅੰਗਰੇਜ਼ ਅਫਸਰ ਘਬਰਾ ਗਿਆ। ਸੁਪਰਡੈਂਟ ਪੁਲਿਸ ਨੇ ਸਿੱਖਾਂ ਦਾ ਪੱਖ ਲੈਂਦਿਆਂ, ਪੰਜਾਬ ਸਰਕਾਰ ਨੂੰ ਲਿਖਿਆ, "ਇਨ੍ਹਾਂ ਮਰਨੋਂ ਨਾ ਡਰਨ ਵਾਲਿਆਂ ਸ਼ੇਰਾਂ ਨਾਲ ਮੱਥਾ ਲਗਾ ਕੇ, ਸਰਕਾਰ ਆਪਣਾ ਰੋਹਬ ਗਵਾ ਲਵੇਗੀ।" ਆਖਰ ਸਰਕਾਰ ਨੂੰ ਇਨ੍ਹਾਂ ਜਾਨ ਤਲੀ 'ਤੇ ਰੱਖਣ ਵਾਲਿਆਂ ਜ਼ਿੰਦਾਂ ਸ਼ਹੀਦਾਂ ਨੂੰ ਹਰਾ ਸਕਣਾ ਕਠਿਨ ਹੀ ਨਹੀਂ ਅਸੰਭਵ ਹੋ ਜਾਵੇਗਾ।"

ਇਸ ਸੱਚਾਈ ਦਾ ਗਿਆਨ ਜਦੋਂ ਗਵਰਨਰ ਨੂੰ ਹੋਇਆ ਤਾਂ ਸਰਕਾਰ ਨੇ ਆਪਣੀ ਪਾਲਿਸੀ ਬਦਲ ਲਈ ਤੇ ਜੱਥਿਆਂ ਉਤੇ ਗੋਲੀ ਚਲਾਣ ਦੀ ਥਾਂ ਤੇ ਗ੍ਰਿਫਤਾਰੀਆਂ ਦਾ ਸਿਲਸਲਾ ਸ਼ੁਰੂ ਕਰ ਦਿੱਤਾ।

ਇਹ ਅਸਰ ਸੀ ਭਾਈ ਹੀਰਾ ਸਿੰਘ ਜੀ ਰਾਗੀ ਤੇ ਕਰਨੀ ਵਿੱਚ, ਜਿਸ ਨੇ ਸਿੱਖੀ-ਜੀਵਨ ਜਿਉਂਦਿਆਂ ਹੋਇਆਂ ਹਿਰਦੇ 'ਚ ਪੰਥ-ਪ੍ਰੇਮ ਰੱਖਦਿਆਂ ਹੋਇਆਂ ਇਲਾਹੀ ਕੀਰਤਨ ਕਰਦਿਆਂ ਹੋਇਆ ਨਿਮਾਣਾ ਤੇ ਸੇਵਕ ਰਹਿ ਕੇ, ਇਤਨੀ ਵੱਡੀ ਦੇਣ ਪੰਥ ਨੂੰ ਦਿੱਤੀ ਕਿ ਜਿਸ ਦੀ ਉਸਤਤਿ ਕਰਨ ਵਾਸਤੇ ਮੇਰੀ ਕਲਮ ਨੂੰ ਭਾਈ ਸਾਹਿਬ ਦਾ ਧੰਨਵਾਦ ਕਰਨ ਵਾਸਤੇ ਸ਼ਬਦ ਨਹੀਂ ਸੁੱਝ ਰਹੇ।

# ਤਬਲੇ ਦੇ ਮੁਢਲੇ ਬੋਲਾਂ ਦਾ ਅਭਿਆਸ


## ਹਰਭਜਨ ਸਿੰਘ ਧਾਰੀਵਾਲ ਐਮ. ਏ. (ਸੰਗੀਤ) ਬੀ. ਐਡ.


ਪ੍ਰਾਚੀਨ ਕਾਲ ਵਿੱਚ ਰਿਸ਼ੀਆਂ, ਮੁਨੀਆਂ, ਗੁਰੂਆਂ, ਪੀਰਾਂ 'ਤੇ ਫਕੀਰਾਂ ਵੱਲੋਂ ਆਪਣੇ ਚੇਲਿਆਂ ਨੂੰ ਵਿੱਦਿਆ ਮੌਖਿਕ ਰੂਪ 'ਚ ਦਿੱਤੀ ਜਾਂਦੀ ਸੀ। ਸੰਗੀਤ ਦੀ ਸਿੱਖਿਆ ਵੀ ਗੁਰੂ-ਸ਼ਿਸ਼ ਪ੍ਰੰਪਰਾ ਦੇ ਅਧੀਨ, ਜਿਸ ਦੇ ਕਠੋਰ ਨਿਯਮ ਹੁੰਦੇ ਸਨ, ਮੌਖਿਕ ਰੂਪ 'ਚ ਉਸਤਾਦ ਦੇ ਘਰ ਰਹਿ ਕੇ ਹੀ ਪ੍ਰਾਪਤ ਕੀਤੀ ਜਾਂਦੀ ਸੀ। ਸਿੱਖਿਆ ਦਾ ਢੰਗ ਮੌਖਿਕ ਰੂਪ 'ਚ ਹੋਣ ਕਰਕੇ ਗੁਰੂ ਤੇ ਨਿਰਭਰ ਰਹਿਣਾ ਪੈਂਦਾ ਸੀ। ਸੰਗੀਤ ਪ੍ਰਾਚੀਨ ਕਾਲ ਤੋਂ ਸਦੀਆਂ ਦਾ ਸਫਰ ਤਹਿ ਕਰਦਾ ਪੀੜ੍ਹੀ ਦਰ ਪੀੜ੍ਹੀ ਆਪਣੇ ਰੂਪ ਵਟਾਉਂਦਾ ਹੋਇਆ ਅਜੋਕੇ ਸਮੇਂ ਤੱਕ ਪਹੁੰਚਿਆ ਹੈ। ਗਾਇਨ ਦੀ ਸਿੱਖਿਆ ਅਧੀਨ ਪਹਿਲਾਂ ਸ਼ੜਜ ਅਭਿਆਸ ਰਾਹੀਂ ਆਵਾਜ਼ ਨੂੰ ਗਾਇਨ ਯੋਗ ਬਣਾਇਆ ਜਾਂਦਾ, ਫਿਰ ਅਲੰਕਾਰਾਂ ਦੇ ਅਭਿਆਸ ਕਰਾਉਣ ਤੋਂ ਬਾਅਦ ਹੀ ਸਰਲ ਰਾਗ ਜਿਵੇਂ ਯਮਨ, ਭੁਪਾਲੀ, ਬਿਲਾਵਲ ਆਦਿ ਸਿਖਾਏ ਜਾਂਦੇ। ਠੀਕ ਇਸੇ ਪ੍ਰਕਾਰ ਹੀ ਤਬਲਾ ਵਾਦਨ ਦੀ ਸਿੱਖਿਆ ਦੌਰਾਨ ਪਹਿਲਾਂ ਤਬਲੇ ਦੇ ਮੂਲ ਬੋਲਾਂ ਦੇ ਨਿਕਾਸ ਦਾ ਅਭਿਆਸ ਕਰਾਉਂਦੇ ਸਮੇਂ ਤਬਲੇ ਦੀ ਬੈਠਕ ਤੇ ਹੱਥਾਂ ਦੇ ਰੱਖ-ਰਖਾਵ ਆਦਿ ਦਾ ਅਭਿਆਸ ਕਰਾਇਆ ਜਾਂਦਾ, ਫਿਰ ਸੰਯੋਗਿਕ ਬੋਲਾਂ ਦੇ ਅਭਿਆਸ ਤੋਂ ਬਾਅਦ ਹੀ ਤਾਲਾਂ ਸਬੰਧੀ ਸਿਖਲਾਈ ਕਾਇਦੇ ਰਾਹੀਂ ਸ਼ੁਰੂ ਹੁੰਦੀ।

ਰੋਜ਼ਾਨਾ ਅਭਿਆਸ ਤੋਂ ਭਾਵ ਕਿਸੇ ਕੰਮ ਨੂੰ ਨਿਸ਼ਚਿਤ ਸਮੇਂ ਦੌਰਾਨ ਨਿਤਾ ਪ੍ਰਤੀ ਪ੍ਰਯੋਗਿਕ ਤੌਰ ਤੇ ਨਿਯਮਾਂ ਅਧੀਨ ਬਾਰ-ਬਾਰ ਕਰੀ ਜਾਣਾ ਜਦ ਤੱਕ ਉਸ ਕੰਮ ਕਰਨ ਵਿੱਚ ਪ੍ਰਪੱਕਤਾ ਤੇ ਅਧਿਕਾਰ ਪ੍ਰਾਪਤ ਨਹੀਂ ਹੁੰਦਾ। ਸ਼ਾਸਤਰੀ ਤਾਂ ਹੈ ਹੀ ਅਭਿਆਸ। ਮੁਗਲ ਕਾਲ ਤੋਂ ਸੰਗੀਤਕ ਸਮਾਜ ਵਿੱਚ 'ਰਿਆਜ਼' ਸ਼ਬਦ ਪ੍ਰਵੇਸ਼ ਕਰ ਗਿਆ ਹੈ ਜੋ 'ਅਭਿਆਸ' ਦਾ ਸਮਾਨ-ਅਰਥੀ ਹੈ। 'ਰਿਆਜ਼' ਸ਼ਬਦ ਜ਼ਿਆਦਾ ਢੁਕਵਾਂ ਤੇ ਅਨੰਦ ਦਾਇਕ ਲਗਦਾ ਹੈ। ਜੇਕਰ ਅਭਿਆਸ ਉਸਤਾਦ ਦੀ ਰਹਿਨੁਮਾਈ 'ਚ ਹੋਵੇ ਤਾਂ ਕਲਾਕਾਰ ਵੱਲੋਂ ਹੋ ਰਹੀਆਂ ਗਲਤੀਆਂ ਦੀ ਗੁੰਜਾਇਸ਼ ਘਟਦੀ ਜਾਂਦੀ ਹੈ ਤੇ ਇੱਕ ਸਟੇਜ 'ਚ ਕਲਾ 'ਚ ਮਿਠਾਸ ਤੇ ਪ੍ਰਪੱਕਤਾ ਆਦਿ ਦੇ ਗੁਣ ਸ਼ਾਮਿਲ ਹੋ ਜਾਂਦੇ ਹਨ। ਇੱਕ ਵਿਦੇਸ਼ੀ ਵਿਦਵਾਨ ਦਾ ਮੱਤ ਹੈ ਕਿ, ਜਿਉਂ-ਜਿਉਂ ਅਸੀਂ ਕਿਸੇ ਕੰਮ ਨੂੰ ਬਾਰ-ਬਾਰ, ਨਿਯਮਾਂ ਅਧੀਨ ਕਰਦੇ ਹਾਂ ਤਾਂ, ਗਲਤੀਆਂ ਘਟਦੀਆਂ ਜਾਂਦੀਆਂ ਹਨ ਤੇ ਕਿਸੇ ਸਟੇਜ ਤੇ ਉਸ ਕੰਮ ਵਿੱਚ ਮੁਹਾਰਤ ਹਾਸਲ ਹੋ ਜਾਂਦੀ ਹੈ।

ਆਮ ਧਾਰਨਾ ਹੈ ਕਿ ਗਾਇਨ ਨਾਲੋਂ ਵਾਦਨ, ਸਿਤਾਰ, ਸਰੋਦ, ਸਰੰਗੀ, ਤਬਲਾ, ਪਖਾਵਜ ਆਦਿ ਤੇ ਬਹੁਤ ਮਿਹਨਤ ਕਰਨੀ ਪੈਂਦੀ ਹੈ। ਵਰ੍ਹਿਆਂ ਦੀ ਸਿਖਲਾਈ, ਨਿਰੰਤਰ ਅਭਿਆਸ ਅਤੇ ਪ੍ਰਮਾਤਮਾ ਦੀ ਕਿਰਪਾ ਸਦਕਾ ਸੰਗੀਤ ਵਿਦਿਆਰਥੀ ਸਫਲ ਕਲਾਕਾਰ ਬਣ ਜਾਂਦਾ ਹੈ। ਆਧੁਨਿਕ ਯੁਗ ਵਿੱਚ ਸੰਗੀਤ ਦੀ ਸਿਖਲਾਈ ਪ੍ਰਾਪਤ ਕਰਨੀ ਆਸਾਨ ਹੋ ਗਈ ਹੈ, ਨੋਟੇਸ਼ਨ ਪੱਧਤੀ, ਰੇਡੀਓ, ਟੀ. ਵੀ., ਆਡੀਓ-ਵੀਡੀਓ ਕੈਸਿਟ, ਸ਼ਾਸਤਰੀ ਸੰਗੀਤ ਸੰਮੇਲਨ, ਸੰਗੀਤ ਦੀਆਂ ਕ੍ਰਿਆਤਮਕ ਤੇ ਸਿਧਾਂਤਕ ਕਿਤਾਬਾਂ ਆਦਿ ਨੇ ਵੀ ਸੰਗੀਤ ਦੇ ਪ੍ਰਚਾਰ ਸਬੰਧੀ ਵੱਡਮੁੱਲਾ ਯੋਗਦਾਨ ਪਾਇਆ ਹੈ।

ਜੇਕਰ ਵਿਦਿਆਰਥੀ ਦੇ ਮੁਢਲੇ ਗਿਆਨ ਦਾ ਆਧਾਰ ਮਜ਼ਬੂਤ ਹੈ ਤਾਂ ਇਹ ਵਿਦਿਆਰਥੀ ਇਨ੍ਹਾਂ ਸਹਾਇਕ ਸਾਧਨਾਂ ਤੋਂ ਵੀ ਬਹੁਤ ਕੁੱਝ ਸਿੱਖ ਸਕਦਾ ਹੈ, ਬ-ਸ਼ਰਤੇ ਉਹ ਸੰਗੀਤ ਦੇ ਸਬੰਧਤ ਵਿਸ਼ੇ ਸਬੰਧੀ ਉਸਤਾਦਾਂ ਦੇ ਸੰਪਰਕ 'ਚ ਰਹਿ ਕੇ ਸਿੱਖਿਆ ਪ੍ਰਾਪਤ ਕਰੇ। ਕਿਉਂਕਿ ਹਿੰਦੋਸਤਾਨੀ ਸੰਗੀਤ ਵਿੱਚ ਅਨੇਕਾਂ ਪ੍ਰਕਾਰ ਦੀਆਂ ਬਾਰੀਕੀਆਂ ਹਨ ਜੋ ਕਿਤਾਬ ਵਿੱਚੋਂ ਜਾਂ ਕੈਸਿਟਾਂ ਰਾਹੀਂ ਨਹੀਂ ਸਿੱਖੀਆਂ ਜਾ ਸਕਦੀਆਂ, ਜਿਵੇਂ ਗਾਇਨ ਵਾਦਨ ਵਿੱਚ ਗਮਕ ਤੇ ਮੀਂਡ ਅਤੇ ਤਬਲਾ ਵਾਦਨ ਵਿੱਚ ਦਾਬ-ਗਾਂਠ ਤੇ ਇੱਕ-ਇੱਕ ਬੋਲ ਦੇ ਅਲੱਗ-ਅਲੱਗ ਨਿਕਾਸ ਆਦਿ ਦੀਆਂ ਬਾਰੀਕੀਆਂ ਆਦਿ ਤਾਂ ਉਸਤਾਦ ਸਹਿਬਾਨਾਂ ਦੇ ਸਨਮੁਖ ਬੈਠ ਕੇ ਹੀ ਸਿੱਖੀਆਂ ਜਾ ਸਕਦੀਆਂ ਹਨ। ਤਬਲੇ ਦੀ ਤਾਲੀਮ ਸਬੰਧੀ ਵੀ ਅਨੇਕਾਂ ਬਾਰੀਕੀਆਂ ਹਨ, ਜਿਵੇਂ ਹੱਥ ਦਾ ਠੀਕ ਰੱਖ-ਰਖਾਵ, ਬੋਲਾਂ ਦਾ ਸ਼ੁਧ ਨਿਕਾਸ, ਤਬਲੇ ਦੀ ਬੈਠਕ ਤੇ ਬੰਦਸ਼ਾਂ ਸਬੰਧੀ ਉਸਤਾਦੀ ਬਾਰੀਕਿਆਂ ਤਾਂ ਉਸਤਾਦ ਤੋਂ ਹੀ ਪ੍ਰਾਪਤ ਹੋ ਸਕਣਗੀਆਂ।

ਰਿਆਜ਼ ਕਰਦੇ ਸਮੇਂ, ਮਨ ਦੀ ਇਕਾਗਰਤਾ, ਬੋਲਾਂ ਦੇ ਨਿਕਾਸ ਸਬੰਧੀ ਹੱਥਾਂ ਦਾ ਠੀਕ ਰੱਖ-ਰਖਾਵ, ਬੈਠਕ, ਸਮੇਂ ਦੇ ਬੰਧਨ ਤੋਂ ਮੁਕਤ ਨਿਰੰਤਰਤਾ, ਆਦਿ ਗੱਲਾਂ ਦਾ ਵਿਸ਼ੇਸ਼ ਧਿਆਨ ਰੱਖਿਆ ਜਾਵੇ। ਹੋਰ ਵੀ ਚੰਗਾ ਹੋਵੇਗਾ ਜੇ ਵੱਧ ਤੋਂ ਵੱਧ ਸਮਾਂ ਉਸਤਾਦ ਦੀ ਰਹਿਨੁਮਾਈ 'ਚ ਅਭਿਆਸ ਹੋਵੇ। ਸ਼ੁਰੂ 'ਚ ਬੇਧਿਆਨੀ ਨਾਲ ਕੀਤੇ ਰਿਆਜ਼ ਨਾਲ ਹੱਥ ਵਿਗੜ ਸਕਦਾ ਹੈ ਜਿਸ ਕਾਰਨ ਹੱਥ 'ਚ ਫੁਰਤੀ, ਲੈਅ ਤੇ ਅਧਿਕਾਰ ਅਤੇ ਬੋਲਾਂ ਦੇ ਨਿਕਾਸ ਦੀ ਸ਼ੁਧਤਾ ਆਦਿ ਨਹੀਂ ਰਹੇਗੀ। ਰਿਆਜ਼ ਧਿਆਨ ਨਾਲ ਇਮਾਨਦਾਰੀ ਨਾਲ ਕੀਤਾ ਜਾਵੇ, ਤੇ ਉਸ ਨੂੰ ਧਿਆਨ ਨਾਲ ਸੁਣਨ ਨਾਲ ਗਲਤੀਆਂ 'ਚ ਸੁਧਾਰ ਹੋ ਜਾਂਦਾ ਹੈ।

ਤਬਲੇ ਦੇ ਪ੍ਰਚਾਰ ਦੇ ਪ੍ਰਸਾਰ ਨੂੰ ਮੁੱਖ ਰੱਖਦਿਆਂ ਮੁਢਲੇ ਸਿਖਿਆਰਥੀਆਂ ਲਈ ਤਬਲੇ ਦੇ ਅਭਿਆਸ ਹਿੱਤ ਕੁਝ ਬੋਲ ਦਿੱਤੇ ਜਾ ਰਹੇ ਹਨ, ਜੋ ਇਸ ਪ੍ਰਕਾਰ ਹਨः-

1 ਘੇਘੇ, ਘੇਘੇ, ਘੇਘੇ, ਘੇਘੇ,..........................
2 ਨਾਨਾ, ਨਾਨਾ, ਨਾਨਾ, ਨਾਨਾ,..........................


# 1447/10, ਸੈਕਟਰ-65, ਐਸ.ਏ. ਐਸ. ਨਗਰ, ਚੰਡੀਗੜ੍ਹ।

3 ਘੇਘੇ ਨਾਨਾ, ਘੇਘੇ ਨਾਨਾ, ਘੇਘੇ ਨਾਨਾ..................
4 ਘੇਘੇ ਨਾਨਾ ਤਿਟ, ਘੇਘੇ ਨਾਨਾ ਤਿਟ....................
5 ਨਾਨਾ ਤਿਟ ਤਿਟ ਘੇਘੇ, ਨਾਨਾ ਤਿਟ ਤਿਟ ਘੇਘੇ........
6 ਤਿਟ ਤਿਟ ਘੇਘੇ ਘੇਘੇ ਨਾਨਾ, ਤਿਟ ਤਿਟ ਘੇਘੇ ਘੇਘੇ ਨਾਨਾ.........................
7 ਕਿਟ ਨਾਨਾ ਘੇਘੇ ਤਿਟ, ਕਿਟ ਨਾਨਾ ਘੇਘੇ ਤਿਟ.........
8 ਨਾਨਾ ਘੇਘੇ ਤਿਟ ਘੇਘੇ, ਨਾਨਾ ਘੇਘੇ ਤਿਟ ਘੇਘੇ.........
9 ਨਾਨਾ ਤਿਟ ਘੇਘੇ ਤਿਟ ਘੇਘੇ ਨਾਨਾ, ਨਾਨਾ ਤਿਟ ਘੇਘੇ ਤਿਟ ਘੇਘੇ ਨਾਨਾ..........................
10 ਨਾਨਾ ਨਾਨਾ ਤਿਟ ਤਿਟ ਘੇਘੇ ਤਿਟ ਘੇਘੇ ਤਿਟ, ਨਾਨਾ ਨਾਨਾ ਤਿਟ ਤਿਟ ਘੇਘੇ ਤਿਟ ਘੇਘੇ ਤਿਟ.................
11 ਤਿੰਨ ਤਿੰਨ, ਤਿੰਨ ਤਿੰਨ, ਤਿੰਨ ਤਿੰਨ, ਤਿੰਨ ਤਿੰਨ.......
12 ਤਿੰਨ ਨਾਨਾ, ਤਿੰਨ ਨਾਨਾ, ਤਿੰਨ ਨਾਨਾ, ਤਿੰਨ ਨਾਨਾ...
13 ਤਿੰਨ ਨਾਨਾ ਘੇਘੇ ਘੇਘੇ ਤਿੰਨ, ਤਿੰਨ ਨਾਨਾ ਘੇਘੇ ਘੇਘੇ ਤਿੰਨ..............................
14 ਘੇਘੇ ਤਿੰਨ ਤਿੰਨ ਨਾਨਾ ਤਿੰਨ, ਘੇਘੇ.......................
15 ਕਿਟ ਤਿੰਨ ਨਾਨਾ ਤਿਟ, ਕਿਟ ਤਿੰਨ ਨਾਨਾ ਤਿਟ........
16 ਤਿੰਨ ਘੇਘੇ ਤਿਟ ਕਿਟ ਤਿੰਨ, ਤਿੰਨ ਘੇਘੇ ਤਿਟ ਕਿਟ ਤਿੰਨ, ਤਿੰਨ..........................
17 ਤਿੰਨ ਘੇਘੇ ਤਿਟ ਘੇਘੇ ਨਾਨਾ ਤਿੰਨ, ਤਿੰਨ ਘੇਘੇ ਤਿਟ ਘੇਘੇ ਨਾਨਾ ਤਿੰਨ............................
18 ਤਿੰਨ ਤਿੰਨ ਘੇਘੇ ਨਾਨਾ ਘੇਘੇ ਤਿਟ ਕਿਟ, ਤਿੰਨ ਤਿੰਨ ਘੇਘੇ ਨਾਨਾ ਘੇਘੇ ਤਿਟ ਕਿਟ..........................
19 ਘੇਘੇ ਤਿੰਨ ਤਿੰਨ ਘੇਘੇ ਤਿਟ ਕਿਟ ਤਿੰਨ, ਘੇਘੇ ਤਿੰਨ ਤਿੰਨ ਘੇਘੇ ਤਿਟ ਕਿਟ ਤਿੰਨ.........................
20 ਘੇਘੇ ਨਾਨਾ ਘੇਘੇ ਤਿੰਨ ਤਿੰਨ ਨਾਨਾ ਘੇਘੇ ਤਿੰਨ, ਘੇਘੇ ਤਿੰਨ ਤਿੰਨ ਘੇਘੇ ਤਿਟ ਕਿਟ ਤਿੰਨ...................
21 ਧਾਧਾ, ਧਾਧਾ, ਧਾਧਾ, ਧਾਧਾ, ਧਾਧਾ...................
22 ਧਾਧਾ ਤਿਟ, ਧਾਧਾ ਤਿਟ, ਧਾਧਾ ਤਿਟ, ਧਾਧਾ ਤਿਟ....
23 ਕਿਟ ਧਾਧਾ ਤਿਟ, ਕਿਟ ਧਾਧਾ ਤਿਟ, ਕਿਟ ਧਾਧਾ ਤਿਟ...
24 ਕਿਟ ਧਾਤਿਟ ਧਾਤਿਟ, ਕਿਟ ਧਾਤਿਟ ਧਾਤਿਟ.........
25 ਧਾਤੀ ਧਾਧਾ ਧਾਤਿ ਟਧਾ, ਧਾਤੀ ਟਧਾ, ਧਾਤਿ ਟਧਾ.....
26 ਧਾਤਿ ਟਧਾ, ਧਾਤਿ ਟਧਾ, ਧਾਤਿ ਟਧਾ, ਧਾਤਿ ਟਧਾ.....
27 ਧਾਤੀ ਧਾਧਾ ਤਿਟ ਕਿਟ, ਧਾਤੀ ਧਾਧਾ ਤਿਟ ਕਿਟ, ਧਾਤੀ ਧਾਧਾ ਤਿਟ ਕਿਟ..........................
28 ਕਿਟ ਧਾਤੀ ਧਾਗੇ ਤਿਟ, ਕਿਟ ਧਾਤੀ ਧਾਗੇ ਤਿਟ, ਕਿਟ ਧਾਤੀ ਧਾਗੇ ਤਿਟ...............................
29 ਕਿਟ ਧਾ-ਤਿਟ, ਕਿਟ ਧਾ-ਤਿਟ, ਤਿਟ ਧਾ-ਤਿਟ........
30 ਕਿਟ ਧਾ-ਤਿਟ ਧਾਗੇ ਤਿਟ, ਕਿਟ ਧਾ-ਤਿਟ ਧਾਗੇ ਤਿਟ...
31 ਕਿਟ ਧਿੰਨ ਧਿੰਨ ਧਾਗੇ ਤਿਟ, ਕਿਟ ਧਿੰਨ ਧਿੰਨ ਧਾਗੇ ਤਿਟ........................
32 ਧਾਧਾ ਧਿਨਧਿਨ, ਧਾਧਾ ਧਿਨਧਿਨ, ਧਾਧਾ ਧਿਨਧਿਨ.....
33 ਗਦੀ ਗੇਨਾ ਨਗ ਤਿਟ, ਗਦੀ ਗੇਨਾ ਨਗ ਤਿਟ, ਗਦੀ ਗੇਨਾ ਨਗ ਤਿਟ.........................
34 ਘਿੜਨਗ ਤਿਟ ਕਿਟ ਧਿਨ ਧਿਨ ਧਾਗੇ ਤਿਟ, ਘਿੜਨਗ ਤਿਟ ਕਿਟ ਧਿਨ ਧਿਨ ਧਾਗੇ ਤਿਟ..................
35 ਧਿਨਤਿਰ ਕਿਟਤਰ ਤਕਿਟ ਧਿੰਨ, ਧਿਨਤਿਰ ਕਿਟਤਰ ਤਕਿਟ ਧਿੰਨ...........................
36 ਧਾਤਿਰ ਕਿਟਤਕ ਤਿਰਕਿਟ, ਧਾਤਿਰ ਕਿਟਤਰ ਤਿਰਕਿਟ....... .......
37 ਧਿਨਤਿਰ ਕਿਟਤਕ ਤਾਤਿਰ ਕਿਟਤਰ, ਧਾਤਿਰ ਕਿਟਤਰ ਤਕਿਟ ਧਿੰਨ.........................
38 ਧਾਤਿਰ ਕਿਟਤਰ ਤਾਤਿਰ ਕਿਟਤਕ, ਧਾਤਿਰ ਕਿਟਤਕ ਤਾਤਿਰ ਕਿਟਤਕ.........................
39 ਧਿਟ ਧਿਟ ਧਿੰਗ ਤਿਟ ਤਿੰਨ ਕੇ ਤਿਟ, ਧਿਟ ਧਿਟ ਧਿੰਗ ਤਿਟ ਤਿੰਨ ਕੇ ਤਿਟ..........................
40 ਗਿਨਾ ਧਾਗੇ ਧਿਨਾ ਗਿਨਾ, ਗਿਨਾ ਧਾਗੇ ਧਿਨਾ ਗਿਨਾ....
41 ਤਿਟ ਧਾਗੇ ਤਿੰਨਾ ਕਿਨਾ, ਤਿਟ ਧਾਗੇ ਤਿੰਨਾ ਕਿਨਾ......
42 ਤਿਰਕਿਟ ਤਕ, ਤਿਰਕਿਟ ਤਕ, ਤਿਰਕਿਟ ਤਕ, ਤਿਰਕਿਟ ਤਕ..........................
43 ਤਿਰਕਿਟ ਨਕਤਕ, ਤਿਰਕਿਟ ਨਕਤਰ, ਤਿਰਕਿਟ ਨਕਤਕ, ਤਿਰਕਿਟ ਨਕਤਰ....................
44 ਧਿੰਨਤਿਰ ਕਿਟਤਕ ਤਕਕੜਾ-ਨ, ਧਿੰਨਤਿਰ ਕਿਟਤਕ ਤਕਕੜਾ-ਨ,......................................
45 ਧਾੜਾ ਗਿਨਾ ਧਾੜਾ ਗਿਨਾ ਤਿਟ, ਧਾੜਾ ਗਿਨਾ ਧਾੜਾ ਗਿਨਾ ਤਿਟ...........................
46 ਧਾੜਾ ਘੇਘੇ ਨਕ ਧਿਨ ਧਿਨਾ ਗਿਨਾ, ਧਾੜਾ ਘੇਘੇ ਨਕ ਧਿਨ ਧਿਨਾ ਗਿਨਾ...........................
47 ਧੜਾ-ਨ ਕਤ-ਕਤਾ, ਧੜਾ-ਨ ਕਤ ਕਤਾ, ਧੜਾ-ਨ ਕਤ-ਕਤਾ.................................
48 ਕੇਤਕ ਕੇਤਕ ਤਿਨ ਤਿਨਾ ਕਿਨਾ, ਕੇਤਕ ਕੇਤਕ ਤਿਨ ਤਿਨਾ ਕਿਨਾ.................................
49 ਕੇ ਕੇ ਨਾ ਕੇ ਕੇ ਤਿਟ, ਕੇ ਕੇ ਨਾ ਕੇ ਕੇ ਨਾ ਤਿਟ, ਕੇ ਕੇ ਨਾ ਕੇ ਕੇ ਨਾ ਤਿਟ...........................
50 ਧਿਰਧਿਰ ਕਿਟਤਰ ਤਾਤਿਰ ਕਿਟਤਕ, ਧਿਰਧਿਰ ਕਿਟਤਰ ਤਾਤਿਰ ਕਿਟਤਕ...............................

ਇਨ੍ਹਾਂ ਬੋਲਾਂ ਦੇ ਅਭਿਆਸ ਲਈ ਕਿਸੇ ਉਸਤਾਦ ਤਬਲਾ ਵਾਦਕ ਤੋਂ ਅਗਵਾਈ ਲੈ ਕੇ ਇੱਕ ਇੱਕ ਬੋਲ ਦਾ ਵੱਧ ਤੋਂ ਵੱਧ ਸਮਾਂ ਰਿਆਜ਼ ਕੀਤਾ ਜਾਵੇ। ਉਦਾਹਰਣ ਦੇ ਤੌਰ 'ਤੇ 'ਕਿਟ ਧਿੰਨ ਧਿੰਨ ਧਾਗੇ ਤਿਟ' ਇਸ ਬੋਲ ਦਾ ਅਭਿਆਸ ਨਿਰੰਤਰ ਤੌਰ ਤੇ ਹੌਲੀ ਹੌਲੀ ਦੇਰ ਤਕ ਕਰਨਾ ਹੈ।

ੴ ਸਤਿਗੁਰ ਪ੍ਰਸਾਦਿ

ਗਿਆਨ ਅੰਜਨੁ ਗੁਰਿ ਦੀਆ ਅਗਿਆਨ ਅੰਧੇਰ ਬਿਨਾਸੁ॥

# ਖਾਲਸਾ ਪੰਥ ਸਿਰਜਨਾ - ਤੀਜੀ ਸ਼ਤਾਬਦੀ ਸਮਾਰੋਹ

ਖਾਲਸਾ ਪੰਥ ਦੇ ਤਿੰਨ ਸੌ ਸਾਲਾ ਪ੍ਰਕਾਸ਼ ਉਤਸਵ ਨੂੰ ਸ਼ਾਨੋ-ਸ਼ੌਕਤ ਨਾਲ ਮਨਾਉਣ ਲਈ ਇਸ ਸਮੇਂ ਪੂਰਾ ਪੰਥ ਵਚਨਬੱਧ ਹੈ। ਸ਼੍ਰੋਮਣੀ ਗੁਰਦੁਆਰਾ ਕਮੇਟੀ ਇਸ ਇਤਿਹਾਸਿਕ ਪੁਰਬ ਨੂੰ ਮਨਾਉਣ ਅਤੇ ਆਪਣੇ ਗੌਰਵਮਈ ਵਿਰਸੇ ਨੂੰ ਸਮੁੱਚੀ ਮਾਨਵ ਜਾਤੀ ਤਕ ਪਹੁੰਚਾਉਣ ਲਈ ਪੂਰੇ ਤਾਣ ਨਾਲ ਯਤਨਸ਼ੀਲ ਹੈ। ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੀ ਛਤਰ ਛਾਇਆ ਹੇਠ ਹੋਣ ਵਾਲੇ ਇਸ ਕਾਰਜ ਦੀ ਮੁਢਲੀ ਰੂਪ ਰੇਖਾ ਉਲੀਕਣ ਲਈ 31 ਮੈਂਬਰੀ ਕਮੇਟੀ ਦਾ ਗਠਨ ਕੀਤਾ ਗਿਆ ਹੈ ਜਿਸ ਵਿਚ ਸੰਤ ਬਾਬਾ ਸੁੱਚਾ ਸਿੰਘ ਜੀ ਨੂੰ ਜਵੱਦੀ ਟਕਸਾਲ ਵਿਖੇ ਅੰਤਰ-ਰਾਸ਼ਟਰੀ ਪੱਧਰ ਦਾ ਸੈਮੀਨਾਰ, ਸ੍ਰੀ ਅਨੰਦਪੁਰ ਸਾਹਿਬ ਵਿਖੇ ਦੋ-ਰੋਜ਼ਾ ਅਦੁੱਤੀ ਗੁਰਮਤਿ ਸੰਮੇਲਨ ਅਤੇ ਸੰਤ ਸਮਾਗਮ ਆਦਿ ਆਯੋਜਤਿ ਕਰਨ ਦੀ ਮਹੱਤਵ ਪੂਰਨ ਜਿੰਮੇਵਾਰੀ ਸੌਂਪੀ ਗਈ ਹੈ।

ਤੀਜੀ ਸ਼ਤਾਬਦੀ ਸਮਾਰੋਹ ਦਾ ਆਰੰਭ ਜੱਵਦੀ ਟਕਸਾਲ ਵਿਖੇ 12 ਤੋਂ 15 ਨਵੰਬਰ 1998 ਵਿਚ ਆਯੋਜਿਤ ਕੀਤੇ ਜਾਣ ਵਾਲੇ ਅਦੁੱਤੀ **ਗੁਰਮਤਿ ਸੰਗੀਤ ਸੰਮੇਲਨ ਅਤੇ ਸੈਮੀਨਾਰ 'ਸਿਖ ਪੰਥ : ਪਹਿਚਾਣ ਅਤੇ ਸ਼ਕਤੀ'** ਵਿਸ਼ੇ ਤੋਂ ਹੋਵੇਗਾ। ਜਵੱਦੀ ਟਕਸਾਲ ਦੇ ਮੁੱਖ ਪ੍ਰਬੰਧਕ ਆਪਣੀਆਂ ਸਹਿਯੋਗੀ ਟੀਮਾਂ ਨਾਲ ਇਸ ਕਾਰਜ ਦੀ ਪੂਰਤੀ ਲਈ ਜੁੱਟ ਚੁੱਕੇ ਹਨ। ਇਸ ਚਾਰ ਰੋਜ਼ਾ ਸੈਮੀਨਾਰ ਵਿਚ ਉਦਘਾਟਨੀ ਅਤੇ ਸਮਾਪਤੀ ਸਮਾਰੋਹ ਤੋਂ ਇਲਾਵਾ 9 ਅਕਾਦਮਿਕ ਸ਼ੈਸ਼ਨ ਹੋਣਗੇ ਜਿਨ੍ਹਾਂ ਵਿਚ ਸਿੱਖ ਵਿਚਾਰਧਾਰਾ, ਸਿੱਖ ਇਤਿਹਾਸ, ਸਿੱਖ ਭਾਈਚਾਰਾ, ਸਿੱਖ ਸਭਿਆਚਾਰ, ਸਿੱਖ ਆਰਥਿਤਾ, ਸਿੱਖ ਰਾਜਨੀਤੀ, ਸਿੱਖ ਵਿਸਥਾਰ, ਪ੍ਰਸੰਗਿਕਤਾ, ਪਹਿਚਾਣ ਅਤੇ ਸ਼ਕਤੀ ਤੇ ਵਿਚਾਰ ਹੋਵੇਗੀ।

ਸੈਮੀਨਾਰ ਆਯੋਜਿਤ ਕੀਤੇ ਜਾਣ ਵਾਲੇ ਪ੍ਰਮੁੱਖ ਹਾਲ ਦੇ ਆਸ ਪਾਸ ਖ਼ਾਲਸਈ ਸ਼ਾਨੋ ਸ਼ੌਕਤ ਦੇ ਜਲੌਅ ਨੂੰ ਉਭਾਰਨ ਲਈ 'ਖ਼ਾਲਸਾ ਛਾਉਣੀ' ਸਥਾਪਿਤ ਕੀਤੀ ਜਾਵੇਗੀ, ਜਿਸ ਵਿਚ ਪੂਰੀ ਤਰ੍ਹਾਂ ਪਰੰਪਰਿਕ ਸਿੱਖ ਆਰਕੀਟੈਕਚਰ ਨੂੰ ਪੇਸ਼ ਕੀਤਾ ਜਾਵੇਗਾ। ਇਸ ਛਾਉਣੀ ਦੇ ਰਾਹਵਾਂ ਨੂੰ ਸਿੱਖ ਇਤਿਹਾਸ, ਸਿੱਖੀ ਜੀਵਨ ਅਤੇ ਸਿੱਖ ਸਭਿਆਚਾਰਕ ਵਿਰਸੇ ਦੀਆਂ ਅਦੁੱਤੀ ਵਸਤਾਂ, ਤਸਵੀਰਾਂ ਅਤੇ ਕਲਾਕ੍ਰਿਤਾਂ ਨਾਲ ਇਉਂ ਸ਼ਿੰਗਾਰਿਆ ਜਾਵੇਗਾ ਕਿ ਉਹ 'ਪਰਦਰਸ਼ਨੀ-ਗਲਿਆਰਿਆਂ' ਦਾ ਰੂਪ ਧਾਰਨ ਕਰ ਜਾਵੇਗੀ। ਸੈਮੀਨਾਰ ਦੇ ਪ੍ਰਮੁੱਖ ਹਾਲ ਨਾਲ ਜੁੜਦੇ ਰਾਹਵਾਂ ਦੇ ਦੂਜੇ ਸਿਰੇ ਉਤੇ ਸਮਾਰੋਹ ਵਿਚ ਭਾਗ ਲੈਣ ਆਈ ਸੰਗਤ ਦੀ ਰਿਹਾਇਸ਼ ਦਾ ਯੋਗ ਪ੍ਰਬੰਧ ਹੋਵੇਗਾ।

ਚਾਰ ਰੋਜ਼ ਚੱਲਣ ਵਾਲੇ ਅਦੁੱਤੀ ਗੁਰਮਤਿ ਸੰਗੀਤ ਸੰਮੇਲਨ ਵਿਚ ਰੋਜ਼ਾਨਾ ਕੀਰਤਨ ਦਰਬਾਰ, ਗੁਰਮਤਿ ਵਿਚਾਰਾਂ, ਢਾਡੀ ਦਰਬਾਰ ਆਦਿ ਤੋਂ ਇਲਾਵਾ ਅੰਮ੍ਰਿਤ ਸੰਚਾਰ ਵੀ ਹੋਵੇਗਾ।

**ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਅਦੁੱਤੀ ਗੁਰਮਤਿ ਸੰਗੀਤ ਸੰਮੇਲਨ ਦੌਰਾਨ ਨਿਰਧਾਰਿਤ ਰਾਗਾਂ ਵਿਚ ਕੀਰਤਨ ਹੋਵੇਗਾ।** ਸ਼ੁਧ ਅਤੇ ਮਿਸ਼ਰਤ ਰਾਗਾਂ ਵਿਚ ਕੀਰਤਨ ਤੋਂ ਇਲਾਵਾ ਵਿਸ਼ੇਸ਼ ਰੂਪ ਵਿਚ 'ਖ਼ਾਲਸੇ ਦੀ ਮਹਿਮਾ' ਸਬੰਧੀ ਦਸਮ ਗ੍ਰੰਥ ਅਤੇ ਸਰਬ ਲੋਹ ਗ੍ਰੰਥ ਵਿਚੋਂ ਬਾਣੀ ਦਾ ਗਾਇਨ ਹੋਵੇਗਾ। ਸਾਰੇ ਪ੍ਰੋਗਰਾਮ ਦੀ ਸੰਭਾਲ ਲਈ ਆਡੀਓ ਅਤੇ ਵੀਡੀਓ ਰਿਕਾਰਡਿੰਗ ਕੀਤੀ ਜਾਵੇਗੀ।

ਇਸ ਮੌਕੇ ਤੇ 'ਵੀਹਵੀਂ' ਸਦੀ ਵਿਚ ਖ਼ਾਲਸਾ ਅਤੇ ਸਿੱਖ ਪ੍ਰਾਪਤੀਆਂ ਦੀਆਂ ਪੰਜ ਸਦੀਆਂ ਆਦਿ ਪੁਸਤਕਾਂ ਅੰਗ੍ਰੇਜ਼ੀ ਅਤੇ ਪੰਜਾਬੀ ਵਿਚ ਰਿਲੀਜ਼ ਕਰਨ ਦਾ ਟੀਚਾ ਵੀ ਮਿਥਿਆ ਗਿਆ ਹੈ, ਤਾਂ ਜੋ ਅਤੀਤ ਦਾ ਉਚਿਤ ਲੇਖਾ-ਜੋਖਾ ਭਵਿੱਖ ਨੂੰ ਸੌਂਪਿਆ ਜਾ ਸਕੇ। ਸ਼ਤਾਬਦੀ ਸਮਾਰੋਹ ਸਲਾਹਕਾਰ ਕਮੇਟੀ ਦੇ ਨਿਗਰਾਨ, ਪੰਜਾਬ ਦੇ ਉਚੇਰੀ ਸਿਖਿਆ ਤੇ ਭਾਸ਼ਾ ਮੰਤਰੀ ਸਰਦਾਰ ਮਨਜੀਤ ਸਿੰਘ ਕਲਕੱਤਾ ਦੇ ਸੁਝਾਅ ਅਨੁਸਾਰ ਸਾਰੇ ਪ੍ਰੋਗਰਾਮ ਆਪਣੇ ਵਸੀਲਿਆਂ ਦਾ ਆਪ ਪ੍ਰਬੰਧ ਕਰਕੇ ਹੀ ਮਨਾਏ ਜਾਣਗੇ। ਸਮੁੱਚੀ ਕੌਮ ਦੀ ਪ੍ਰਫੁਲਤਾ ਅਤੇ ਵਕਾਰ ਦੀ ਬਹਾਲੀ ਨਾਲ ਸਬੰਧਿਤ ਇਹ ਸੁਨਹਿਰੀ ਮੌਕਾ ਮੰਗ ਕਰਦਾ ਹੈ ਕਿ ਹਰ ਗੁਰੂ ਨਾਨਕ ਨਾਮ ਲੇਵਾ ਉਪਰੋਕਤ ਸਮਾਗਮਾਂ ਵਿਚ ਤਨੋਂ-ਮਨੋਂ-ਧਨੋਂ ਪੂਰੇ ਉਤਸ਼ਾਹ ਅਤੇ ਉਮਾਹ ਨਾਲ ਭਾਗ ਲਵੇ ਅਤੇ **ਗੁਰਦੁਆਰਾ ਗੁਰ-ਗਿਆਨ ਪ੍ਰਕਾਸ਼ ਜਵੱਦੀ ਟਕਸਾਲ** ਦੇ ਸੀਮਿਤ ਵਿੱਤੀ ਵਸੀਲਿਆਂ ਨੂੰ ਆਪਣੇ ਦਸਵੰਧ ਦੇ ਤਿਲ-ਫੁੱਲ ਨਾਲ ਅਸੀਮਤਾ ਪ੍ਰਦਾਨ ਕਰੇ ਤਾਂ ਜੋ ਅਦਾਰਾ ਵਿਸਮਾਦੁ ਨਾਦ ਸੌਂਪੇ ਕਾਰਜਾਂ ਦੀ ਪੂਰਤੀ ਖ਼ਾਲਸੇ ਦੇ ਇਸ ਮਹਾਨ ਪੁਰਬ ਦੀ ਸ਼ਾਨ ਅਨੁਸਾਰ ਕਰ ਸਕੇ ਅਤੇ ਆਪਣਾ ਵੱਧ ਤੋਂ ਵੱਧ ਯੋਗਦਾਨ ਪਾ ਸਕੇ।


**ਦਰਸ਼ਨ ਅਭਿਲਾਸੀ**

ਸਮੂਹ ਸਾਧ ਸੰਗਤ

ਗੁਰਦੁਆਰਾ ਗੁਰ-ਗਿਆਨ ਪ੍ਰਕਾਸ਼ ਜਵੱਦੀ ਟਕਸਾਲ

ਲੁਧਿਆਣਾ (ਪੰਜਾਬ)-141 002

ਫੋਨ : 0161-561597, 652596, 562671

# 50-ਵੀਂ ਵਰ੍ਹੇ ਗੰਢ ਅਤੇ ਪੰਜਾਬ ਦਾ ਸੰਗੀਤ

## ਡਾ. ਡੀ. ਐਸ. ਨਰੂਲਾ

ਪੰਜਾਬ ਦੀ ਧਰਤੀ ਦੇ ਅਨੇਕਾਂ ਇਤਿਹਾਸਕ ਨਾਮ ਹਨ, ਜਿਵੇਂ ਪਾਂਚਾਲ, ਸਪਤ ਸਿੰਧੂ, ਬ੍ਰਹਮ ਵਰਤ ਅਤੇ ਗੰਧਾਰ ਦੇਸ਼ ਆਦਿ। ਪੰਜਾਬੀ ਲੋਕਾਂ ਦੀ ਬਹੁਮੁਖੀ-ਪ੍ਰਤਿਭਾ ਅਤੇ ਪ੍ਰਾਪਤੀਆਂ ਸੰਬੰਧੀ ਪ੍ਰਸਿੱਧ ਨਾਟਕਕਾਰ ਸ. ਕਪੂਰ ਸਿੰਘ ਘੁੰਮਣ ਨੇ ਬੜੀ ਸਾਰਥਕ ਸ਼ਬਦਾਵਲੀ ਵਿਚ ਲਿਖਿਆ ਹੈ ਕਿ-

**ਪਿੱਠਭੂਮੀ :** ਮੁੱਢ ਤੋਂ ਹੀ ਪੰਜਾਬ ਦਾ ਸੰਗੀਤ ਨਾਲ ਡੂੰਘਾ ਸੰਬੰਧ ਰਿਹਾ ਹੈ। ਪੰਜਾਬ ਦੀ ਪਾਵਨ ਧਰਤੀ ਤੇ ਹੀ ਭਾਰਤੀ ਸੰਸਕ੍ਰਿਤੀ ਅਤੇ ਸੰਗੀਤ ਦਾ ਆਰੰਭ ਤੇ ਵਿਕਾਸ ਹੋਇਆ। ਇੱਥੇ ਸਭ ਤੋਂ ਪਹਿਲਾਂ ਸੱਭਿਅਤਾ ਦੀ ਸੋਨ-ਸੁਨਹਿਰੀ ਪ੍ਰਭਾਤ ਦੀ ਕਿਰਨ ਪੁੱਜੀ। ਸ਼ਾਮਵੇਦ (ਸ਼ਾਮ ਗੀਤਾਂ) ਦੀ ਮਧੁਰ ਧੁਨੀ ਸਭ ਤੋਂ ਪਹਿਲਾਂ ਇਸੇ ਰੰਗੀਲੀ ਧਰਤੀ ਤੇ ਸੁਣੀ ਗਈ। ਪ੍ਰਾਚੀਨ ਕਾਲ ਵਿਚ ਇਸ ਸੰਗੀਤਮਈ ਧਰਤੀ ਨੂੰ 'ਬ੍ਰਹਮ ਰਿਸ਼ੀ-ਦੇਸ਼ ਅਤੇ 'ਦੇਵ-ਭੂਮੀ' ਆਦਿ ਕਿਹਾ ਜਾਂਦਾ ਰਿਹਾ ਹੈ। ਸੰਗੀਤ ਅਤੇ ਵਿੱਦਿਆ ਦੀ 'ਦੇਵੀ-ਸੁਰਸਵਤੀ' ਦਾ ਜਨਮ ਵੀ ਇਸੇ ਮਹਾਨ ਧਰਤੀ ਤੇ ਹੋਇਆ। 'ਨਾਟਯ-ਸ਼ਾਸਤਰ' ਦੇ ਲੇਖਕ ਮਹਾਂਰਿਸ਼ੀ ਭਰਤ ਅਤੇ ਅਨੇਕਾਂ ਸੰਗੀਤਕਾਰ ਪੰਜਾਬ ਦੀ ਧਰਤੀ ਦੀ ਉਪਜ ਹਨ।(1)

ਪੰਜਾਬ ਦੀ ਪ੍ਰਾਚੀਨ ਸੰਗੀਤ ਧਾਰਾ ਦੇ ਕਾਰਣ ਹੀ ਮੱਧਕਾਲੀਨ ਸੰਗੀਤ ਵਿਚ ਟੱਪਾ, ਠੁਮਰੀ, ਪੜਤਾਲ, ਖ਼ਿਆਲ ਦਾਦਰਾ, ਗ਼ਜ਼ਲ-ਕੱਵਾਲੀ ਤੋਂ ਇਲਾਵਾ, ਧਰੁਪਦ ਧਮਾਰ ਵਰਗੀਆਂ ਗਾਇਨ-ਸ਼ੈਲੀਆਂ ਵਿਕਸਤ ਹੋਈਆਂ। ਇਹ ਸਾਰੀਆਂ ਅੱਜ ਵੀ ਪੰਜਾਬ ਵਿਚ ਮਕਬੂਲ ਹਨ। ਇਨ੍ਹਾਂ ਸ਼ੈਲੀਆਂ ਨੂੰ ਪੰਜਾਬ ਦੇ ਮੇਲਿਆਂ (ਹਰਿਵੱਲਭ-ਜਲੰਧਰ) ਅਤੇ ਕੀਰਤਨ-ਦਰਬਾਰਾਂ (ਗੁਰਮਤਿ ਸੰਗੀਤ ਸੰਮੇਲਨਾਂ) ਵਿਚ, ਪਿਆਰ-ਸਤਿਕਾਰ ਨਾਲ ਸੁਣਿਆਂ ਜਾਂਦਾ ਹੈ। ਇਸੇ ਕਰਕੇ ਡਾ. ਗੁਰਨਾਮ ਸਿੰਘ ਨੇ ਲਿਖਿਆ ਹੈ ਕਿ "ਉੱਤਰ ਭਾਰਤੀ ਸੰਗੀਤ ਜਿਸਨੂੰ ਹਿੰਦੁਸਤਾਨੀ ਸੰਗੀਤ ਵੀ ਕਿਹਾ ਜਾਂਦਾ ਹੈ, ਅਸਲ ਵਿਚ ਮੁੱਖ ਤੌਰ ਤੇ ਮੱਧਕਾਲੀਨ-ਪੰਜਾਬ ਦੀ ਹੀ ਸੰਗੀਤ ਪਰੰਪਰਾ ਹੈ ਪੰਜਾਬ ਦੀ ਇਹ ਪਰੰਪਰਾ ਹਿੰਦੁਸਤਾਨੀ ਸੰਗੀਤ ਦਾ ਪ੍ਰਤੀਨਿਧੱਤਵ ਹੀ ਨਹੀਂ ਕਰਦੀ ਸਗੋਂ ਇਸ ਪਰੰਪਰਾ ਨੇ ਭਾਰਤੀ ਸੰਗੀਤ ਦੇ ਲਈ, ਇਕ ਵਿਸ਼ਾਲ-ਪੱਟ ਵੀ ਤਿਆਰ ਕੀਤਾ ਹੈ ਕਿਉਂਕਿ ਇਸਦੇ ਅਨੇਕਾਂ ਲੱਛਣ, ਸੁਰੀਲੀਆਂ, ਬੰਦਿਸ਼ਾਂ ਅਤੇ ਗਾਇਨ ਸ਼ੈਲੀਆਂ, ਅੱਜ ਵੀ ਹਿੰਦੁਸਤਾਨੀ ਸੰਗੀਤ ਵਿਚ ਪ੍ਰਚਲਿਤ ਹਨ।(2)

ਇਸ ਲੇਖ ਦਾ ਮੁੱਖ ਵਿਸ਼ਾ, ਪਿਛਲੇ ਪੰਜ ਦਹਾਕਿਆਂ ਦੇ ਪੰਜਾਬੀ ਸੰਗੀਤ ਦਾ ਲੇਖਾ-ਜੋਖਾ, 'ਸੋਧ ਅਤੇ ਸ਼ੋਧ' ਕਰਨਾ ਹੈ, ਤਾਂ ਕਿ ਪੰਜਾਬ ਦੇ ਸੰਗੀਤ ਨੂੰ ਇਤਿਹਾਸਕ-ਪਰਿਪੇਖ ਤੋਂ ਦੇਖਦੇ ਹੋਏ, 21-ਵੀਂ ਸਦੀ ਦੇ ਸੰਗੀਤ-ਸੰਦਰਭ ਵਿਚ, ਹੋਰ ਵਿਕਸਤ ਕਰਨ ਸੰਬੰਧੀ ਯਤਨ ਕੀਤੇ ਜਾ ਸਕਣ। ਇਸ ਲਈ ਭਾਰਤ-ਪਾਕ ਵੰਡ ਤੋਂ ਲੈ ਕੇ, ਆਜ਼ਾਦ ਭਾਰਤ ਦੀ 50-ਵੀਂ, ਆਜ਼ਾਦੀ-ਵਰ੍ਹੇ-ਗੰਢ ਦੇ ਮੌਕੇ ਤੇ ਵਿਚਾਰ-ਵਟਾਂਦਰਾ ਕਰਨਾ ਜ਼ਰੂਰੀ ਬਣਦਾ ਹੈ। ਠੋਸ ਨੁਕਤੇ ਇਸ ਪ੍ਰਕਾਰ ਹਨ :

- ਪੰਜਾਬ ਦੇ ਸ਼ਾਸਤਰੀ ਸੰਗੀਤਕਾਰ ਅਤੇ ਲੋਕ।
- ਵਿੱਦਿਅਕ ਅਦਾਰਿਆਂ ਵਿਚ ਸੰਗੀਤ ਸਿੱਖਿਆ।
- ਕੈਸਿਟ ਕਲਚਰ ਅਤੇ ਪੰਜਾਬੀ ਸੰਗੀਤ।
- ਪੂਰਬੀ ਤੇ ਪੱਛਮੀ ਪੰਜਾਬ ਦੇ ਲੋਕ ਗਾਇਕ।
- ਗੁਰਮਤਿ ਸੰਗੀਤ ਦੇ ਗਾਇਕ।
- ਪੰਜਾਬੀ ਸੱਭਿਆਚਾਰ ਅਤੇ ਸੰਗੀਤ।
- ਪ੍ਰਾਪਤੀਆਂ ਅਤੇ ਸੰਭਾਵਨਾਵਾਂ।

ਰੇਡੀਉ, ਟੀ. ਵੀ. ਅਤੇ ਪੰਜਾਬ ਦੇ ਸ਼ਾਸਤ੍ਰੀ ਸੰਗੀਤਕਾਰ :

ਭਾਰਤੀ-ਸੰਗੀਤ, ਇਲਾਕਾਈ ਸੰਗੀਤ ਅਤੇ ਸੱਭਿਆਚਾਰਕ ਗਤੀ-ਵਿਧੀਆਂ ਨੂੰ, ਸੁੱਚੱਜੇ ਢੰਗ ਨਾਲ, ਲੋਕਾਂ ਤਕ ਪਹੁੰਚਾਣ ਦਾ ਅਹਿਮ ਕਾਰਜ ਰੇਡੀਉ ਅਤੇ ਦੂਰਦਰਸ਼ਨ ਪ੍ਰਣਾਲੀ ਰਾਹੀਂ ਕੀਤਾ ਜਾਂਦਾ ਹੈ। ਆਜ਼ਾਦੀ ਉਪ੍ਰੰਤ ਇਨ੍ਹਾਂ ਸੰਚਾਰ-ਸਾਧਨਾਂ ਨੂੰ, ਸੁਹਜਮਈ ਅਤੇ ਖ਼ੁਦਮੁਖਤਾਰ ਢੰਗ ਨਾਲ, ਕਲਾ, ਸੰਗੀਤ ਅਤੇ ਸੱਭਿਆਚਾਰ ਨੂੰ ਪ੍ਰਸਤੁਤ ਕਰਨ ਦੀ ਖੁੱਲ੍ਹ ਦਿਤੀ ਗਈ ਹੈ। ਕਾਫ਼ੀ ਹੱਦ ਤਕ, ਰੇਡੀਉ, ਟੀ. ਵੀ. ਨੇ ਗਿਆਨ-ਵਿਗਿਆਨ ਤੋਂ ਇਲਾਵਾ ਸੰਗੀਤ, ਨਾਟਕ, ਅਤੇ ਨਿਰਤ ਕਲਾ ਨੂੰ, ਆਮ ਲੋਕਾਂ ਤਕ ਪਹੁੰਚਾਇਆ ਹੈ। ਸਾਧਨਾਂ ਦੀ ਘਾਟ ਕਾਰਣ ਇਹ ਹਰ ਜਗਾਹ ਤੇ, ਹਰੇਕ ਫੰਕਸ਼ਨ ਵਿਚ ਪਹੁੰਚਣ ਤੋਂ ਅਸਮਰੱਥ ਹਨ। ਇਨ੍ਹਾਂ ਸੰਚਾਰ ਮਾਧਿਅਮਾਂ ਨਾਲ ਜੁੜੇ ਰਿਪੋਰਟਰਜ਼, ਫੋਟੋਗਰਾਫਰ, ਕਲਾਕਾਰ ਅਤੇ ਹੋਰ ਅਮਲੇ ਨੂੰ ਵਧੇਰੇ ਸਹੂਲਤਾਂ, ਸਰਕਾਰ ਵੱਲੋਂ ਤੁਰੰਤ ਮੁਹੱਈਆਂ ਕਰਨੀਆਂ ਚਾਹੀਦੀਆਂ ਹਨ ਤਾਂ ਕਿ ਉੱਚੇ ਸਾਹਿਤਕਾਰਾਂ, ਸੰਗੀਤਕਾਰਾਂ ਅਤੇ ਵਿਲੱਖਣ ਸ਼ਖ਼ਸੀਅਤਾਂ ਕੋਲ, ਖ਼ੁਦ ਪਹੁੰਚ ਕਰਕੇ, ਉਨ੍ਹਾਂ ਦੀਆਂ ਪ੍ਰਾਪਤੀਆਂ ਨੂੰ ਲੋਕਾਂ ਸਾਹਮਣੇ ਲਿਆ ਸਕਦੇ ਹਨ। ਇਸ ਸੰਬੰਧੀ ਪੱਖਪਾਤੀ ਰਵਈਏ ਦੀ ਸ਼ਿਕਾਇਤ ਅਕਸਰ ਮਿਲ ਜਾਂਦੀ ਹੈ। ਕਈ ਅੱਛੇ ਸੰਗੀਤਕਾਰਾਂ ਨੂੰ ਮੌਕਾ ਨਾ ਦੇਣਾ ਅਤੇ ਕਈ ਬੇਸੁਰੇ-ਬੇਤਾਲੇ, ਕਲਾਕਾਰਾਂ ਨੂੰ ਮੌਕਾ ਦੇ ਕੇ (ਮਾਇਆ ਲੈ ਕੇ ਜਾਂ ਖਾ-ਪੀ ਕੇ) ਬਦਨਾਮੀ ਵੀ ਖੱਟਦੇ ਹਨ। ਫਿਰ ਵੀ ਹੁਣ ਤਕ ਅਨੇਕਾਂ ਕਲਾਕਾਰਾਂ ਦੀ ਮਾਨਤਾ ਜਾਂ ਲੋਕਪ੍ਰਿਅਤਾ ਵਿਚ ਰੇਡੀਉ ਜਾਂ ਟੀ. ਵੀ. ਦਾ ਵਿਸ਼ੇਸ਼ ਹੱਥ ਹੈ ਜਿਵੇਂ: (3)

-ਵਿਸ਼ਣੂ ਦਿਗਬਰ ਪਲੁਸਕਰ (1872-1931) ਕਾਰਜ ਖੇਤਰ ਲਾਹੌਰ ਤੋਂ 1901 ਵਿਚ ਆਰੰਭ ਕੀਤਾ।

-ਰਘੁਨਾਥ ਰਾਉ ਕੁਲਕਰਨੀ (1905-1986) ਅੰਮ੍ਰਿਤਸਰ

-ਸ੍ਰੀ ਦਲੀਪ ਚੰਦ੍ ਵੇਦੀ (1901-1993) ਆਨੰਦਪੁਰ ਸਾਹਿਬ, ਦਿੱਲੀ

-ਵਿਨਯ ਚੰਦ੍ ਮੌਦਗਿੱਲ (1918-1995)

-ਦੇਵੀ ਲਾਲ ਮਦਾਨ (1885-1957) ਜਾਲੰਧਰ

-ਜਗਤ ਰਾਮ-ਭਗਤ ਜੀ (1888-1962) ਜਾਲੰਧਰ
-ਹੰਸ ਰਾਜ ਮਦਾਨ (1903-1986) ਜਾਲੰਧਰ
-ਡਾ. ਪੰਨਾ ਲਾਲ ਮਦਾਨ (1905-1956) ਜਾਲੰਧਰ
-ਹਰੀਸ਼ ਚੰਦ੍ਰ ਬਾਲੀ (1906-1980) ਜਾਲੰਧਰ
-ਪ੍ਰੋ. ਮਦਨ ਬਾਲੀ (1929-1986) ਹੁਸ਼ਿਆਰਪੁਰ, ਚੰਡੀਗੜ੍ਹ
-ਮਾਸਟਰ ਰਤਨ (1914-1988) ਫਗਵਾੜਾ
-ਪ੍ਰੋ. ਤਾਰਾ ਸਿੰਘ (1919-1990) ਪਟਿਆਲਾ
-ਐਮ. ਐਲ. ਕੌਸਰ (1925-) ਲਾਹੌਰ, ਚੰਡੀਗੜ੍ਹ
-ਸ਼ੋਭਾ ਕੌਸਰ (1945-) ਚੰਡੀਗੜ੍ਹ
-ਭੀਮਸੇਨ ਸ਼ਰਮਾ (1926-1974) ਫਿਰੋਜ਼ਪੁਰ, ਫਰੀਦਕੋਟ
-ਭੀਮਸੇਨ ਸ਼ਰਮਾ (1945-) ਪਠਾਨਕੋਟ, ਸ਼ਿਮਲਾ
-ਡਾ. ਵਰਿੰਦਰ ਕੁਮਾਰ (1944) ਜਾਲੰਧਰ, ਅੰਮ੍ਰਿਤਸਰ
-ਜਤਿੰਦਰ ਕੁਮਾਰ (1945-1990) ਜਾਲੰਧਰ, ਅੰਮ੍ਰਿਤਸਰ
-ਮਹਿੰਦਰ ਸਿੰਘ ਠੁਮਰੀ (1937) ਅੰਮ੍ਰਿਤਸਰ
-ਪ੍ਰੋ. ਯਸ਼ਪਾਲ (1937) ਗੁਜਰਾਂਵਾਲਾ (ਪਾਕਿਸਤਾਨ)
-ਪ੍ਰੋ. ਭੁਪਿੰਦਰ ਸ਼ੀਤਲ (1930) ਚੰਡੀਗੜ੍ਹ, ਦਿੱਲੀ
-ਪ੍ਰੋ. ਗੁਰਪ੍ਰਤਾਪ ਸਿੰਘ ਗਿੱਲ (1934-) ਪਟਿਆਲਾ
-ਪ੍ਰੋ. ਸ਼ਮਸ਼ੇਰ ਸਿੰਘ ਕਰੀਰ (1934-) ਸ਼ਿਮਲਾ, ਪਟਿਆਲਾ
-ਮਾਸਟਰ ਰਤਨ (1914-1986) ਰਦੀਆ ਬਾਦ
-ਪ੍ਰੋ. ਸ਼ੁਰਤੀ ਰਤਨ (1926-1986) ਫ਼ਿਰੋਜ਼ਪੁਰ, ਅੰਮ੍ਰਿਤਸਰ
-ਡਾ. ਅਨਿਲ ਨਰੂਲਾ (1945) ਪਟਿਆਲਾ
-ਸ੍ਰੀਮਤੀ ਸੁਰਿੰਦਰ ਕਪਿਲਾ ( ? ) ਪਟਿਆਲਾ
-ਸ੍ਰੀਮਤੀ ਡੇਜ਼ੀ ਵਾਲੀਆ (1954) ਪਟਿਆਲਾ
-ਪ੍ਰੋ. ਨਰਿੰਦਰ ਨਰੂਲਾ (1948) ਪਟਿਆਲਾ
-ਮੀਆਂ ਕਾਦਰ ਬਖਸ਼ (1902-1965) ਅੰਮ੍ਰਿਤਸਰ, ਲਾਹੌਰ
-ਡਾ. ਜਾਗੀਰ ਸਿੰਘ (1949 ) ਪਟਿਆਲਾ, ਚੰਡੀਗੜ੍ਹ
-ਪ੍ਰੋ. ਚੰਦਰਕਾਂਤਾ ਖੋਸਲਾ (1953) ਚੰਡੀਗੜ੍ਹ
-ਪ੍ਰੋ. ਸ਼ਾਰਦਾ ਭਾਰਦਵਾਜ (1926) ਜਾਲੰਧਰ
-ਪ੍ਰੋ. ਕ੍ਰਿਸ਼ਨ ਕਾਂਤ (1936-1996) ਕਪੂਰਥਲਾ, ਮਲੇਰਕੋਟਲਾ, ਫਰੀਦਕੋਟ
-ਪ੍ਰੋ. ਸਰਬਜੀਤ ਕੌਰ (1949) ਜਾਲੰਧਰ
-ਪ੍ਰੋ. ਕਰਤਾਰ ਸਿੰਘ (1928-1988) ਲੁਧਿਆਣਾ (ਰਿਟਾਇਰ)
-ਪ੍ਰੋ. ਊਸ਼ਾ ਜਸਵਾਲ (1930-1990) ਰਿਟਾਇਰ (ਲੁਧਿਆਣਾ)
-ਪ੍ਰੋ.ਐਲ.ਡੀ.ਪ੍ਰਦੇਸ਼ੀ (1930-1991) ਰਿਟਾਇਰ (ਹੁਸ਼ਿਆਰਪੁਰ)
-ਆਤਮ ਪ੍ਰਕਾਸ਼ (1927-1988) ਰਿਟਾਇਰ (ਪਟਿਆਲਾ)
-ਜੋਗਿੰਦਰ ਸਿੰਘ ਬਾਂਵਰਾ (1936-1996) ਰਿਟਾਇਰ (ਜਾਲੰਧਰ, ਫਰੀਦਕੋਟ)
-ਪ੍ਰੋ. ਸਵਿੰਦਰ ਕੌਰ ਗਿੱਲ (1934-1994) ਰਿਟਾਇਰ (ਲੁਧਿਆਣਾ)
-ਡਾ. ਸ਼ਰਨਜੀਤ ਕੌਰ (1945) ਪਟਿਆਲਾ
-ਡਾ. ਦਰਸ਼ਨ ਸਿੰਘ ਨਰੂਲਾ (1945) ਸਿਆਲਕੋਟ, ਫਰੀਦਕੋਟ, ਮਲੋਟ
-ਸ. ਧਰਮਵੀਰ ਸਿੰਘ ਨਾਗਰਾ (1944-1993) ਪਟਿਆਲਾ
-ਪ੍ਰੋ. ਸੁਖਿੰਦਰ ਕਾਲੜਾ (1944) ਫਰੀਦਕੋਟ, ਚੰਡੀਗੜ੍ਹ
-ਡਾ. ਗੁਰਨਾਮ ਸਿੰਘ (1959) ਪਟਿਆਲਾ
-ਸ੍ਰੀਮਤੀ ਗੁਰਿੰਦਰ ਕੌਰ ( ? ) ਦਿੱਲੀ
-ਡਾ. ਗੀਤਾ ਕੌਰ ਪੇਂਤਲ ( ? ) ਦਿੱਲੀ
-ਡਾ. ਅਜੀਤ ਸਿੰਘ ਪੇਂਤਲ ( ? ) ਦਿੱਲੀ
-ਡਾ. ਜਤਿੰਦਰ ਸਿੰਘ ( ? ) ਚੰਡੀਗੜ੍ਹ
-ਡਾ. ਰਾਜਿੰਦਰ ਸਚਦੇਵਾ (1950) ਫਿਰੋਜ਼ਪੁਰ, ਫਰੀਦਕੋਟ, ਅਮਰੀਕਾ
-ਡਾ. ਨਿਵੇਦਿਤਾ ਉੱਪਲ (1969-) ਪਟਿਆਲਾ, ਮੋਹਾਲੀ
-ਡਾ. ਜਸਬੀਰ ਕੌਰ ( ? ) ਪਟਿਆਲਾ
-ਸ. ਜਸਵਿੰਦਰ ਸਿੰਘ ਛਾਬੜਾ (1950) ਫਰੀਦਕੋਟ, ਬਠਿੰਡਾ
-ਸ. ਪੀ. ਪੀ. ਸਿੰਘ (1950) ਫਰੀਦਕੋਟ, ਬਠਿੰਡਾ
-ਪ੍ਰੋ. ਸਤੀਸ਼ ਕੁਮਾਰ ਸ਼ਰਮਾ (1950) ਫਰੀਦਕੋਟ, ਚੰਡੀਗੜ੍ਹ
-ਡਾ. ਸ਼ਸ਼ੀ ਬਾਲਾ (1962) ਅਬੋਹਰ, ਗਿੱਦੜਬਾਹਾ
-ਡਾ. ਨਵਜੋਤ ਕੌਰ ਕਸੇਲ ( ? )
-ਮਾਸਟਰ ਜਗਜੀਤ ਸਿੰਘ ਪੱਪੂ (1947) ਫਿਰੋਜ਼ਪੁਰ
-ਪ੍ਰਵੀਣ ਲਤਾ ਸ਼ਰਮਾ ( ? ) ਫਰੀਦਕੋਟ, ਅੰਮ੍ਰਿਤਸਰ, ਪੱਟੀ
-ਸ. ਗੁਰਬਚਨ ਸਿੰਘ ਸਚਦੇਵਾ (1935-) ਲਾਇਲਪੁਰ, ਚੰਡੀਗੜ੍ਹ
-ਸ੍ਰੀਮਤੀ ਕੁਮਦ ਘਈ (1954) ਲੁਧਿਆਣਾ
-ਮਾਲਾ ਕਪੂਰ ( ? ) ਪਟਿਆਲਾ, ਚੰਡੀਗੜ੍ਹ
-ਸ੍ਰੀ ਮਤੀ ਮਨਜੀਤ ਜੁਨੇਜਾ ( ? ) ਜਲੰਧਰ
-ਡਾ. ਮਨਮੋਹਨ ਸ਼ਰਮਾ ( ? ) ਪਟਿਆਲਾ
-ਪ੍ਰੋ. ਮਨਮੋਹਨ ਸਿੰਘ (1954) ਸੰਗਰੂਰ, ਨਾਭਾ, ਫਿਲੌਰ
-ਮਨੂ ਸੂਰਜ (1953) ਅੰਮ੍ਰਿਤਸਰ
-ਸ੍ਰ. ਮੋਹਨ ਸਿੰਘ ( ? ) ਨਾਭਾ, ਪਟਿਆਲਾ
-ਡਾ. ਰਾਜਿੰਦਰ ਕੌਰ ( ? ) ਪਟਿਆਲਾ
-ਡਾ. ਦਵਿੰਦਰ ਕੌਰ ( ? ) ਪਟਿਆਲਾ
-ਸ੍ਰੀਮਤੀ ਸੁਦੇਸ਼ ਸਿਆਲ ( ? ) ਪਟਿਆਲਾ
-ਪ੍ਰੋ. ਵੀਨਾ ਮਾਤਕਰਣ ( ? ) ਜਾਲੰਧਰ
-ਡਾ. ਵਿਜਯ ਪ੍ਰਵੀਨ ( ? ) ਫਾਜ਼ਿਲਕਾ, ਜਲਾਲਬਾਦ
-ਪ੍ਰੋ. ਪ੍ਰੇਮ ਸਿੰਘ (1936-1996) ਰਿਟਾਇਰ (ਲਖਨਊ)
-ਪ੍ਰੋ. ਰਾਜਿੰਦਰ ਸਿੰਘ (1937-1997) ਰਿਟਾਇਰ (ਰੋਹਤਕ)
-ਸ੍ਰ. ਤ੍ਰਿਲੋਕ ਸਿੰਘ (1944-) ਸ਼ਿਮਲਾ, ਜਾਲੰਧਰ
-ਡਾ. ਅਰਵਿੰਦਰ ਕੌਰ ( ? ) ਚੰਡੀਗੜ੍ਹ ਆਬੋਹਰ

ਸ਼ਾਸਤ੍ਰੀ ਸੰਗੀਤ ਦੇ ਉਪਰੋਕਤ ਕਲਾਕਾਰ ਵਧੇਰੇ ਕਰਕੇ ਪੰਜਾਬ ਦੇ ਜਮਪਲ ਹਨ। ਕਈ ਅਜਿਹੇ ਵੀ ਹਨ ਜਿਹੜੇ ਪੰਜਾਬ ਤੋਂ ਬਾਹਰ ਸੇਵਾ ਕਰ ਰਹੇ ਹਨ। ਕਈ ਦੂਜੇ ਪ੍ਰਾਂਤਾਂ ਦੇ ਸੰਗੀਤਕਾਰ ਵੀ ਹਨ ਜਿਨ੍ਹਾਂ ਨੇ ਅਪਣਾ ਕਾਰਜ-ਖੇਤਰ ਪੰਜਾਬ ਨੂੰ ਬਣਾਇਆ ਅਤੇ ਪੰਜਾਬ ਸੰਗੀਤ ਸਿੱਖਿਆ ਦੇ ਮਹਾਨ ਕਾਰਜ ਨੂੰ ਅੱਗੇ ਵਧਾਇਆ। ਉਪਰਕੋਤ ਸੂਚੀ ਵਿਚ ਕੇਵਲ ਉਨ੍ਹਾਂ ਸੰਗੀਤਕਾਰਾਂ ਦੇ ਨਾਮ ਦਿਤੇ ਗਏ ਹਨ ਜਿਨ੍ਹਾਂ ਨੇ ਸੰਗੀਤ ਦੇ ਲਈ ਕੋਈ ਵਿਸ਼ੇਸ਼ ਕੰਮ ਕੀਤਾ ਹੈ। ਮੰਚ ਪ੍ਰਦਰਸ਼ਨ ਪੁਸਤਕ ਲੇਖਨ ਜਾਂ ਸੰਗੀਤ ਸਿੱਖਿਆ ਆਦਿ। ਵਰਤਮਾਨ ਸ਼ਾਸਤ੍ਰੀ ਸੰਗੀਤਕਾਰਾਂ ਨੂੰ ਅੱਜ ਦੇ ਸੰਦਰਭ ਵਿਚ ਗਾਇਨ ਅਤੇ ਵਾਦਨ ਦੀ ਪੇਸ਼ਕਾਰੀ ਸੰਬੰਧੀ ਨਵੀਨ ਢੰਗ ਨਾਲ ਸੋਚਣ ਦੀ ਲੋੜ ਹੈ।

## ਸਕੂਲਾਂ-ਕਾਲਜਾਂ-ਯੂਨੀਵਰਸਿਟੀਆਂ ਵਿਚ ਸੰਗੀਤ:

ਆਜ਼ਾਦੀ ਤੋਂ ਪਹਿਲਾਂ-ਸੰਗੀਤ ਦੀ ਵਾਗਡੋਰ ਕੇਵਲ ਦਰਬਾਰੀ-ਸੰਗੀਤਕਾਰਾਂ ਜਾਂ ਘਰਾਣੇਦਾਰ ਸੰਗੀਤਕਾਰਾਂ ਦੇ ਹੱਥ ਵਿਚ ਸੀ ਪਰ ਆਜ਼ਾਦੀ ਤੋਂ ਬਾਅਦ ਹੌਲ਼ੀ-ਹੌਲ਼ੀ ਸਾਰੀਆਂ ਰਿਆਸਤਾਂ (ਸਟੇਟਾਂ) ਨੂੰ ਤੋੜ ਕੇ ਇਕ ਗਣਰਾਜ ਦੀ ਸਥਾਪਨਾ ਹੋਣ ਕਾਰਣ, ਸਾਹਿਤ-ਕਲਾ ਅਤੇ ਸਿੱਖਿਆ ਸੰਬੰਧੀ ਨਵੀਆਂ ਯੋਜਨਾਵਾਂ ਤੇ ਵਿਚਾਰ-ਵਟਾਂਦਰਾ ਆਰੰਭ ਹੋ ਗਿਆ। ਇਸੇ ਕਰਕੇ ਸੰਗੀਤ-ਸਿੱਖਿਆ ਦੀ ਵਾਗਡੋਰ ਘਰਾਣੇਦਾਰੀ ਅਤੇ ਰਜਵਾੜੇ -ਸ਼ਾਹੀ ਵਿਚੋਂ ਨਿਕਲ ਕੇ 'ਸਾਰਵਜਨਕ-ਸਿੱਖਿਆ-ਪ੍ਰਣਾਲੀ' ਦੇ ਰੂਪ ਵਿਚ ਸ਼ੁਰੂ ਹੋ ਗਈ। ਇਸ ਤਰ੍ਹਾਂ ਸਕੂਲਾਂ, ਕਾਲਜਾਂ, ਯੂਨੀਵਰਸਿਟੀਆਂ ਵਿਚ ਭਾਰਤੀ ਸੰਗੀਤ, ਇਕ ਵਿਸ਼ੇ ਵਜੋਂ ਆਰੰਭ ਹੋ ਗਿਆ। ਇਸ ਖੇਤਰ ਦੀ ਆਰੰਭਤਾ ਅਜ਼ਾਦੀ ਤੋਂ ਪਹਿਲਾਂ ਪੰਡਿਤ ਵਿਸ਼ਣੂ ਦਿਗੰਬਰ ਪਲੁਸਕਰ ਨੇ ਲਾਹੌਰ ਵਿਖੇ 1901 ਵਿਚ ਮਾਂਧਰਣ ਮਹਾ ਵਿਦਿਆਲਆ ਰਾਹੀਂ ਅਤੇ ਫਿਰ ਪੰਡਿਤ ਵਿਸ਼ਣੂ ਨਾਰਾਇਣ ਭਾਤਖੰਡੇ ਨੇ 1905 ਵਿਚ 'ਮੈਰਿਸ ਮਿਊਜ਼ਿਕ ਕਾਲਜ ਲਖਨਊ' ਦੀ ਸਥਾਪਨਾ ਨਾਲ ਪਹਿਲ ਕਦਮੀ ਕੀਤੀ। ਦੋਵੇਂ ਹੀ ਮਹਾਰਾਸ਼ਟਰ ਦੇ (ਜੰਮਪਲ) ਸੰਗੀਤਕਾਰ ਸਨ ਪਰੰਤੂ, ਪੰਜਾਬ ਵਿਚ ਗੈਰ ਸਰਕਾਰੀ ਤੌਰ ਤੇ 'ਸੰਗੀਤ' ਦਾ ਬਕਾਇਦਾ 'ਪਾਠਕ੍ਰਮ' ਅਨੁਸਾਰ, ਸਿੱਖਿਆ ਅਤੇ ਪ੍ਰੀਖਿਆ-ਪ੍ਰਣਾਲੀ ਦਾ ਅਰੰਭ, ਇਨ੍ਹਾਂ ਦੋਹਾਂ ਯੁੱਗ ਪੁਰਸ਼ਾਂ ਦੇ ਉੱਦਮ ਨਾਲ ਸ਼ੁਰੂ ਹੋਇਆ।

1920-22 ਵਿਚ ਕਾਂਸ਼ੀ ਅਤੇ ਬਨਾਰਸ ਯੂਨੀਵਰਸਿਟੀ ਨੇ 'ਸੰਗੀਤ' ਆਰੰਭ ਕੀਤਾ। ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਨੇ ਸੰਗੀਤ ਨੂੰ ਇਕ ਵਿਸ਼ੇ ਵਜੋਂ, 1948 ਵਿਚ ਲਾਗੂ ਕੀਤਾ। ਅੱਜ ਪੰਜਾਬ ਦੀਆਂ ਤਿੰਨਾਂ ਯੂਨੀਵਰਸਿਟੀਆਂ ਅਤੇ ਉਨ੍ਹਾਂ ਨਾਲ ਸੰਬੰਧਤ ਕਾਲਜਾਂ ਵਿਚ 'ਸੰਗੀਤ' ਪੜ੍ਹਾਇਆ ਜਾਂਦਾ ਹੈ। ਇਕ ਅੰਦਾਜ਼ੇ ਅਨੁਸਾਰ ਭਾਰਤ ਦੀਆਂ 85 ਯੂਨੀਵਰਸਿਟੀਆ 30-ਸਕੂਲ ਸਿੱਖਿਆ ਬੋਰਡਾਂ, 625 ਗੈਰ ਸਰਕਾਰੀ ਸੋਸਾਇਟੀਆਂ, ਮੰਡਲ ਜਾਂ ਸਭਾਵਾਂ, ਅਤੇ ਲਗਭਗ 5000 (ਪੰਜ ਹਜ਼ਾਰ) ਮਿਊਜ਼ਿਕ ਅਕਾਡਮੀਆਂ ਦੁਆਰਾ ਸੰਗੀਤ-ਸਿਖਾਇਆ ਜਾਂਦਾ ਹੈ ਅਤੇ ਇਸ ਖੇਤਰ ਨਾਲ ਪੰਜ ਲੱਖ ਤੋਂ ਵਧੀਕ ਲੋਕ ਜੁੜੇ ਹੋਏ ਹਨ।

ਇਨ੍ਹਾਂ ਵਿੱਦਿਅਕ ਅਦਾਰਿਆਂ ਵਿਚ ਸੰਗੀਤ ਦੀ ਵਰਤਮਾਨ ਸਿੱਖਿਆ ਗਿਣਾਤਮਕ ਅਧਾਰ ਤੇ ਠੀਕ ਹੈ ਪਰ ਗੁਣਾਤਮਕ ਆਧਾਰ ਤੇ ਸਥਿਤੀ ਸੰਤੋਸ਼ਜਨਕ ਨਹੀਂ ਹੈ। ਅਨੇਕਾਂ ਵਿਦਿਵਾਨਾਂ ਦੀ ਰਾਇ ਅਨੁਸਾਰ ਇਸ ਦਾ ਕਾਰਣ, ਸੰਗੀਤ ਵਿਭਾਗਾਂ ਨੂੰ ਸਹੂਲਤਾਂ ਦੀ ਘਾਟ ਹੈ। ਜੇਕਰ ਸਰਕਾਰ ਵਲੋਂ, ਯੂ. ਜੀ. ਸੀ. ਵਲੋ ਅਤੇ ਯੂਨੀਵਰਸਿਟੀਆਂ ਵੱਲੋਂ ਦੂਜੇ ਵਿਭਾਗਾਂ ਵਾਂਗ ਪੂਰੀਆਂ ਸਹੂਲਤਾਂ ਅਤੇ ਸਾਧਨ ਮੁਹੱਈਆ ਹੋ ਜਾਣ ਤਾਂ ਕੋਈ ਵਜਾਹ ਨਹੀਂ ਕਿ 'ਗੁਣਾਤਮਕ-ਪੱਖੋਂ', ਵਿਕਾਸ ਨਾ ਹੋਵੇ। ਅੱਜ ਵੀ ਜਿਹੜੇ ਸਕੂਲਾਂ-ਕਾਲਜਾਂ-ਯੂਨੀਵਰਸਿਟੀਆਂ ਵਿਚ ਪੂਰੀਆਂ ਸਹੂਲਤਾਂ ਉਪਲੱਬਧ ਹਨ ਉਥੇ ਅਨੇਕਾਂ ਵਧੀਆ ਕਲਾਕਾਰਾਂ ਦੀ ਉਪਜ ਹੋਈ ਹੈ।

'ਸੰਗੀਤ' ਨੂੰ ਇਕ ਸੱਭਿਆਚਾਰਕ ਇਕਾਈ ਅਤੇ ਕੌਮੀ ਵਿਰਸੇ ਵਜੋਂ, ਭਾਰਤੀ ਸੰਸਕ੍ਰਿਤੀ ਦਾ ਪ੍ਰਮੁੱਖ ਅੰਗ ਸਮਝਦੇ ਹੋਏ, ਪ੍ਰਾਇਮਰੀ ਸਕੂਲਾਂ ਤੋਂ ਹੀ ਇਸਦੀ ਬੁਨਿਆਦ ਰੱਖੀ ਜਾਵੇ ਤਾਂ ਪ੍ਰਭਾਵਸ਼ਾਲੀ ਸਿੱਟੇ ਨਿਕਲ ਸਕਦੇ ਹਨ ਕਿਉਂਕਿ ਅਨੇਕਾਂ ਦੇਸ਼ਾਂ ਵਿਚ ਸੰਗੀਤ ਪਾਠਾਂ ਰਾਹੀ ਅਨੇਕਾਂ ਵਿਸ਼ਿਆਂ ਦੀ ਪੜ੍ਹਾਈ ਦੇ ਸਫ਼ਲ ਤਜਰਬੇ ਕੀਤੇ ਜਾ ਚੁਕੇ ਹਨ। ਪੰਜਾਬ ਸਰਕਾਰ ਨੂੰ ਇੱਧਰ ਵੀ ਪਹਿਲ ਕਰਨੀ ਚਾਹੀਦੀ ਹੈ।

## ਕੈਸੇਟ-ਕਲਚਰ ਅਤੇ ਪੰਜਾਬੀ ਸੰਗੀਤ :

ਅੱਜ ਕਲ ਹਰੇਕ ਨੌਜਵਾਨ, ਜਿਹੜਾ ਵੀ ਸਟੇਜ ਤੇ 10-12 ਗੀਤ ਗੁਜ਼ਾਰੇ-ਲਾਇਕ ਗਾ ਲੈਂਦਾ ਹੈ, ਉਸ ਨੂੰ 'ਕੈਸਿਟ' ਰਿਕਾਰਡ ਕਰਵਾਉਣ ਦਾ ਭੂਤ ਸਵਾਰ ਹੋ ਜਾਂਦਾ ਭਾਵੇਂ ਉਸ ਨੂੰ ਕਰਜ਼ਾ ਲੈ ਕੇ ਜਾਂ ਦੋਸਤਾਂ-ਮਿੱਤਰਾਂ ਕੋਲੋਂ ਉਧਾਰ ਵੀ ਲੈਣਾ ਪੈ ਜਾਵੇ ਤਾਂ ਵੀ, ਉਹ ਪਿੱਛੇ ਨਹੀਂ ਹਟਦਾ। ਹਰੇਕ ਨਵੇਂ ਕਲਾਕਾਰ ਨੂੰ ਵਹਿਮ ਹੈ ਕਿ 'ਕੈਸਿਟ' ਆਉਣ ਨਾਲ ਉਸਦੀ 'ਮਾਰਕੀਟ' ਬਣ ਜਾਇਗੀ। ਰਿਕਾਰਡਿੰਗ ਕੰਪਨੀਆਂ ਵਾਲੇ ਵੀ ਅਜਿਹੀਆਂ ਆਸਾਮੀਆਂ ਨੂੰ ਦਾਨਾ ਪਾਉਂਦੇ ਹਨ ਜਿੱਥੋਂ 'ਹਾਨੀ ਰਹਿਤ ਵਪਾਰ' ਹੋ ਸਕਦੇ ਹੋਵੇ, ਪਰੰਤੂ ਮਛਲੀ, ਪੱਥਰ ਚੱਟ ਕੇ ਮੁੜਦੀ ਹੈ। ਚਾਰ-ਪੰਜ ਕੈਸਿਟ ਆਉਣ ਨਾਲ ਵੀ ਉਹ ਗੱਲ ਨਹੀਂ ਬਣਦੀ ਜਿਸਦੀ ਕਲਾਕਾਰ ਨੂੰ ਉਮੀਦ ਹੁੰਦੀ ਹੈ ਕਿਉਂਕਿ ਸੰਗੀਤ ਇਕ ਬਿਉਪਾਰ ਬਣਾ ਚੁੱਕਾ ਹੈ।

ਐਸ. ਅਸ਼ੋਕ ਭੌਰਾ ਨੇ ਇਸ ਸਥਿਤੀ ਨੂੰ ਇਕ, ਲੇਖ ਵਿਚ ਇਉਂ ਬਿਆਨ ਕੀਤਾ ਹੈ-

ਸੱਭਿਆਚਾਰ ਦੇ ਪ੍ਰਸਾਰ ਦੀ ਸਭ ਤੋਂ ਅਹਿਮ ਪ੍ਰਣਾਲੀ ਸੰਗੀਤ ਹੈ। ਗੀਤਾਂ ਚੋਂ ਹੀ ਮਨੁੱਖੀ ਜੀਵਨ ਦੀ ਝਲਕ ਮਿਲਦੀ ਹੈ। ਮਨੁੱਖ ਦਾ ਸਭ ਤੋਂ ਨੇੜਲਾ ਰਿਸ਼ਤਾ ਸੰਗੀਤ ਨਾਲ ਹੈ ਪਰ ਸੰਗੀਤ ਦੇ ਖੇਤਰ ਵਿਚ ਅਸੀਂ ਪ੍ਰਾਪਤੀਆਂ ਨਹੀਂ ਕਰ ਰਹੇ ਪਛੜ ਰਹੇ ਹਾਂ। ਇਸੇ ਕਰਕੇ ਹੁਣ ਗੀਤ-ਲੋਕ ਗੀਤ ਨਹੀਂ ਬਣਦੇ। ਸਾਲ 1997 ਦੀਆਂ ਰੋਜ਼ਾਨਾ ਅਖ਼ਬਾਰਾਂ ਤੇ ਨਜ਼ਰ ਮਾਰੋ ਤਾਂ ਆਏ ਦਿਨ ਅੱਧੀ ਦਰਜਨ ਦੇ ਕਰੀਬ ਕੈਸੇਟਾਂ ਮਾਰਕੀਟ ਵਿਚ ਡਿਗਦੀਆਂ ਹਨ ਪਰ ਪ੍ਰਾਪਤੀ ਕਿਹੜੀ ਹੈ ? ਪੰਜਾਬੀ ਸੰਗੀਤ ਵੀ ਮੁਕੰਮਲ ਤੌਰ ਤੇ ਵਪਾਰ ਬਣ ਗਿਆ ਹੈ।[4]

ਉਪਰੋਕਤ ਪੱਖ ਤੋਂ ਦੇਖਦੇ ਹੋਏ, ਵਰਤਮਾਨ ਪੰਜਾਬੀ ਗਾਇਕਾਂ, ਅਤੇ ਉੱਭਰਦੇ ਹੋਏ ਕਲਾਕਾਰਾਂ ਨੂੰ ਵਧੇਰੇ ਸੁਚੇਤ ਹੋਣ ਦੀ ਲੋੜ ਹੈ। ਕੈਸਿਟਾਂ ਦੀ ਗਿਣਤੀ ਵਧਾਉਣ ਦੀ ਬਜਾਇ ਅਗਰ ਸੰਗੀਤ ਦੀ ਸਿੱਖਿਆ ਅਤੇ ਰਿਆਜ਼ ਉਪਰ ਜ਼ੋਰ ਦਿਤਾ ਜਾਇ ਤਾਂ ਕੈਸਿਟ ਕੰਪਨੀਆਂ ਵਾਲੇ ਖੁਦ, ਕਲਾਕਾਰ ਕੋਲ ਪਹੁੰਚ ਕਰਨਗੇ ਕਿਉਂਕਿ ਉਨ੍ਹਾਂ ਨੇ ਵੀ ਤਾਂ ਆਖਿਰਕਾਰ ਵਪਾਰ ਕਰਨਾ ਹੁੰਦਾ ਹੈ ਅਤੇ ਵਪਾਰ ਘਾਟੇ ਦਾ ਨਹੀਂ ਹੁੰਦਾ ਵਾਧੇ ਲਈ ਹੁੰਦਾ ਹੈ।

ਪੰਜਾਬ ਦੇ ਲੋਕ ਸਾਜ਼ ਕ੍ਰਿਤ ਅਨਿਲ ਨਰੂਲਾ ਅਨੁਸਾਰ, ਪੰਜਾਬੀ ਸੰਗੀਤ ਦੇ ਪ੍ਰਮੁੱਖ ਸਾਜ਼ ਇਹ ਹਨ: ਢੋਲ, ਢੋਲਕੀ, ਢੱਡ, ਖੰਜਰੀ, ਨਗਾਰਾ, ਮੱਛਲੀ, ਤੂੰਬੀ, ਸਾਰੰਗੀ, ਤੂੰਬਾ, ਦੋਤਾਰਾ, ਅਲਗੋਜ਼ੇ (ਨਗੋਜ਼ੇ) ਘੜਾ, ਚਿਮਟਾ, ਖੜਤਾਲ, ਘੁੰਗਰੂ,

ਕੈਂਸੀਆਂ, ਸੱਪ ਅਤੇ ਕਾਟੋ ਆਦਿ। ਇਨ੍ਹਾਂ ਹੀ ਸਾਜ਼ਾਂ ਵਿਚੋਂ ਅਨੇਕਾਂ ਸਾਜ਼ ਬਦਲਵੇਂ ਰੂਪ ਵਿਚ ਦੂਜੇ ਪ੍ਰਾਂਤਾਂ ਦੇ ਲੋਕ ਸੰਗੀਤ ਵਿਚ ਵੀ ਵਰਤੇ ਜਾਂਦੇ ਹਨ ਪਰੰਤੂ ਪੰਜਾਬੀ ਲੋਕ ਸੰਗੀਤ ਵਿਚ ਇਨ੍ਹਾਂ ਦੀ ਵਰਤੋਂ ਆਮ ਦੇਖੀ ਜਾ ਸਕਦੀ ਹੈ।

**ਪੰਜਾਬ ਦੇ ਪ੍ਰਸਿੱਧ ਨਾਚ** : ਭੰਗੜਾ, ਗਿੱਧਾ, ਝੂਮਰ, ਘੁੰਮਰ, ਕਿੱਕਲੀ ਅਤੇ ਕੱਥਕ ਆਦਿ ਮੰਨੇ ਗਏ ਹਨ। ਭਾਵੇਂ ਹੋਰ ਪ੍ਰਾਂਤਾਂ ਦੇ ਲੋਕ ਨਾਚ ਵੀ ਬੜੇ ਪਿਆਰੇ ਅਤੇ ਖਿੱਚ ਭਰਪੂਰ ਹਨ ਪਰੰਤੂ ਪੰਜਾਬੀ ਗੱਭਰੂਆਂ ਦਾ ਭੰਗੜਾ ਅਤੇ ਮੁਟਿਆਰਾਂ ਦੇ ਗਿੱਧੇ ਦਾ ਕੋਈ ਮੁਕਾਬਲਾ ਨਹੀਂ ਹੈ। ਇਨ੍ਹਾਂ ਨਾਚਾਂ ਦੀ ਤਿੱਖੀ ਲੈ, ਕਠਿਨ ਅਦਾਕਾਰੀਆਂ ਅਤੇ ਲੈਕਾਰੀਆਂ ਕਰਕੇ, ਦੁਨੀਆਂ ਭਰ ਦੇ ਦੇਸ਼ਾਂ ਵਿਚ ਇਨ੍ਹਾਂ ਦੀ ਲੋਕਪ੍ਰਿਅਤਾ ਵਧਦੀ ਜਾ ਰਹੀ ਹੈ। ਅੱਜ ਕਲ ਵਧੇਰੇ ਗਾਣੇ ਉਹ ਲੋਕਪ੍ਰਿਅ ਹੋ ਰਹੇ ਹਨ ਜਿੰਨਾਂ ਵਿਚ ਪੰਜਾਬੀ ਭੰਗੜਾ ਜਾਂ ਗਿੱਧਾ ਦੇ ਅੰਸ਼ ਹੁੰਦੇ ਹਨ। ਇੱਥੋਂ ਤਕ ਕਿ ਯੂਰਪੀ ਦੇਸ਼ ਵਿਦੇਸ਼ ਅਤੇ ਫਿਲਮਾਂ ਵਿਚ ਵੀ ਪੰਜਾਬੀ ਸੰਗੀਤ, ਅਤੇ ਲੋਕ ਨਾਚਾਂ ਦਾ ਬੋਲਬਾਲਾ ਹੈ। ਫਿਰ ਵੀ 50 ਵੀਂ ਵਰ੍ਹੇ ਗੰਢ ਦੇ ਅਵਸਰ ਤੇ, ਜਿੱਥੇ 'ਭਾਰਤੀ-ਆਜ਼ਾਦੀ' ਦੇ ਭਖਦੇ ਮਸਲੇ ਹੱਲ ਕਰਨੇ ਜ਼ਰੂਰੀ ਹਨ, ਉੱਥੇ ਸੰਗੀਤ ਅਤੇ ਸੱਭਿਆਚਾਰਕ ਪ੍ਰਦਰਸ਼ਨ ਦੀ 'ਸੋਧ ਅਤੇ ਸੋਧ ਵੀ ਜ਼ਰੂਰੀ ਹੈ ਪਰ ਇਹ ਕਿਸੇ ਇਕੱਲੇ ਵਿਅਕਤੀ ਦੇ, ਕਾਰਜ-ਖੇਤਰ ਦੀ ਸੀਮਾਂ ਵਿਚ ਨਹੀਂ ਹੈ।

